( 1 )

ਸਿਰੀਰਾਗੁ ਬਾਣੀ ਸ੍ਰੀ ਰਵਿਦਾਸ ਜੀ ਕੀ
ੴ ਸਤਿਗੁਰ ਪ੍ਰਸਾਦਿ॥

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥
ਕਨਕ ਕਟਿਕ ਜਲ ਤਰੰਗ ਜੈਸਾ ॥੧ ॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥
ਪਤਿਤ ਪਾਵਨ ਨਾਮੁ ਕੈਸੇ ਹੁੰਤਾ ॥੧ ॥ ਰਹਾਉ ॥
ਤੁਮ੍ ਜੁ ਨਾਇਕ ਆਛਹੁ ਅੰਤਰਜਾਮੀ ॥
ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥੨ ॥
ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ ॥
ਰਵਿਦਾਸ ਸਮ ਦਲ ਸਮਝਾਵੈ ਕੋਊ ॥੩ ॥
(ਪੰਨਾ ੯੩)

( 2 )

SRI RAAG BANI SRI RAVIDASS JI KI
EK ONKAR SAT GURU PRASAD

Tohee mohee mohee tohee antar kaisa.
Kanak katik jal trang jaisa.
Jupai hum na pap kranta ahe ananta.
Ptit paawan naam kaise hunta.
(Rahaao)
Tum jo naaik aachhu antarjaamee.
Prabh te jan janijai jan te soamee.
Sreer(u) aaradhai mo kao
beechara (u) dehoo.
Ravidass sam dal samjhaavai kouoo.

( 3 )

ਰਾਗੁ ਗਉੜੀ ਰਵਿਦਾਸ ਜੀ ਕੇ ਪਦੇ
ਗਉੜੀ ਗੁਆਰੇਰੀ
ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥

ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ ॥
ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥੧ ॥
ਰਾਮ ਗੁਸਈਆ ਜੀਅ ਕੇ ਜੀਵਨਾ ॥
ਮੋਹਿ ਨ ਬਿਸਾਰਹੁ ਮੈ ਜਨੁ ਤੇਰਾ ॥੧ ॥ ਰਹਾਉ ॥
ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ ॥
ਚਰਣ ਨ ਛਾਡਉ ਸਰੀਰ ਕਲ ਜਾਈ ॥੨ ॥
ਕਹੁ ਰਵਿਦਾਸ ਪਰਉ ਤੇਰੀ ਸਾਭਾ ॥
ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥੩ ॥੧ ॥
(ਪੰਨਾ ੩੪੫)

( 4 )

RAAG GAURI RAVIDASS JI KE PADE,
GAURI GUAREREE
EK ONKAR SAT NAAM
KARTA PURKH GUR PARSAD

Meri sangat poch soch din(u) raati.
Mera karamu kutilta janam kubanti.
Ram gusaeeaa jeea ke jeewnaa.
Moh na bisaarh(u) mai jan tera.
(Rahaao)
Meri hrh(u) bipit jan krhu subhaaiee.
Charan na chhaadao sareer kaljaaiee.
Kaho Ravidass prao teri sabha.
Beig milhu jan karu na bilanmba.

( 5 )

ਰਾਗੁ ਗਉੜੀ ਰਵਿਦਾਸ ਜੀ ਕੇ ਪਦੇ
ਗਉੜੀ ਗੁਆਰੇਰੀ
ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ॥

ਬੇਗਮਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥
ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥
ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥
ਊਹਾਂ ਗਨੀ ਬਸਹਿ ਮਾਮੂਰ ॥੨॥

( 6 )

RAGG GAURI RAVIDASS JI KE PADE,
GAURI GUAREREE
EK ONKAR SAT NAAM
KARTA PURKHU GUR PRASAD

Begum pura sahar ko nao(u)
Dookhu andohu nahee tihi thaao.
Na tasvees khiraaju na maal(u).
Khouph(u) na khataa na taras(u) jawaal(u).
Ab mohi khoob vatan gah paaiee.
Uoohan khair sada mere bhaaiee. (Rahaao)
Kaaim(u) daaim(u) sada paaitsaahee.
Dom na sem ek so aahi.
Aabaadaan(u) sada mashoor.
Uoohan ganee basih maamoor.

( 7 )

ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥
ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥
ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥
(ਪੰਨਾ ੩੪੫)

( 8 )

Tiou(u) tiou(u) sail karih jiou(u) bhaavai.
Mahram mahal na ko atkaavai.
Kaho Ravidass khalas chamaaraa.
Jo hum sharee so mit(u) hamaara.

( 9 )

ੴ ਸਤਿਗੁਰ ਪ੍ਰਸਾਦਿ॥
ਗਉੜੀ ਬੈਰਾਗਣਿ ਰਵਿਦਾਸ ਜੀਉ

ਘਟ ਅਵਘਟ ਡੂਗਰ ਘਣਾ
ਇਕੁ ਨਿਰਗੁਣੁ ਬੈਲੁ ਹਮਾਰ॥
ਰਮਈਏ ਸਿਉ ਇਕ ਬੇਨਤੀ
ਮੇਰੀ ਪੂੰਜੀ ਰਾਖੁ ਮੁਰਾਰਿ॥੧॥
ਕੋ ਬਨਜਾਰੋ ਰਾਮ ਕੋ
ਮੇਰਾ ਟਾਂਡਾ ਲਾਦਿਆ ਜਾਇ ਰੇ॥੧॥ ਰਹਾਉ॥
ਹਉ ਬਨਜਾਰੋ ਰਾਮ ਕੋ
ਸਹਜ ਕਰਉ ਬੵਾਪਾਰੁ॥
ਮੈ ਰਾਮ ਨਾਮ ਧਨੁ ਲਾਦਿਆ
ਬਿਖੁ ਲਾਦੀ ਸੰਸਾਰਿ॥੨॥
ਉਰਵਾਰ ਪਾਰ ਕੇ ਦਾਨੀਆ
ਲਿਖਿ ਲੇਹੁ ਆਲ ਪਤਾਲੁ॥

( 10 )

EK ONKAR SAT GUR PRASAD
GAURI BAIRAGAN RAVIDASS JIU

Ghat awghat doogar ghanna.
Ek nirgun(u) bail(u) hamaar.
Ramiee siou ek bentee
Meri poonji raakhu murar(u).
Ko banjaro ram ko
Mera tandaa laaidia jaaie re. (Rahaao)
Huao banjaro ram ko
Sahaj karo baapaar.
Mai ram naam dhan laadia
bikh laadi sansaar.
Urwar par ke daaneea

( 11 )

ਮੋਹਿ ਜਮ ਡੰਡੁ ਨ ਲਾਗਈ
ਤਜੀਲੇ ਸਰਬ ਜੰਜਾਲ॥੩॥
ਜੈਸਾ ਰੰਗੁ ਕਸੁੰਭ ਕਾ
ਤੈਸਾ ਇਹੁ ਸੰਸਾਰੁ॥
ਮੇਰੇ ਰਮਈਏ ਰੰਗੁ ਮਜੀਠ ਕਾ
ਕਹੁ ਰਵਿਦਾਸ ਚਮਾਰ॥੪॥੧॥
(ਪੰਨਾ ੩੪੫)

( 12 )

Likh leh aal pataal.
mauh(i) jam dand na laagee
Tejeele sarab janjal.
Jaisa rang kasumbh ka
Taisa iah sansaar.
Mere rameeie rang majeeth ka
Kaho Ravidass chamaar.

(13)

ਗਉੜੀ ਪੂਰਬੀ ਰਵਿਦਾਸ ਜੀਉ

ੴ ਸਤਿਗੁਰ ਪ੍ਰਸਾਦਿ ॥

ਕੂਪੁ ਭਰਿਓ ਜੈਸੇ ਦਾਦਿਰਾ
ਕਛੁ ਦੇਸੁ ਬਿਦੇਸੁ ਨ ਬੂਝ ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ
ਕਛੁ ਆਰਾਪਾਰੁ ਨ ਸੂਝ ॥੧॥
ਸਗਲ ਭਵਨ ਕੇ ਨਾਇਕਾ
ਇਕੁ ਛਿਨੁ ਦਰਸੁ ਦਿਖਾਇ ਜੀ ॥੧॥ ਰਹਾਉ ॥
ਮਲਿਨ ਭਈ ਮਤਿ ਮਾਧਵਾ
ਤੇਰੀ ਗਤਿ ਲਖੀ ਨ ਜਾਇ ॥
ਕਰਹੁ ਕ੍ਰਿਪਾ ਭ੍ਰਮੁ ਚੂਕਈ
ਮੈ ਸੁਮਤਿ ਦੇਹੁ ਸਮਝਾਇ ॥੨॥
ਜੋਗੀਸਰ ਪਾਵਹਿ ਨਹੀ
ਤੁਅ ਗੁਣ ਕਥਨੁ ਅਪਾਰ ॥
ਪ੍ਰੇਮ ਭਗਤਿ ਕੈ ਕਾਰਣੈ
ਕਹੁ ਰਵਿਦਾਸ ਚਮਾਰ ॥੩॥੧॥

(ਪੰਨਾ ੩੪੬)

(14)

GAURI POORBI RAVIDASS JIU

EK ONKAR SAT GUR PRASAD

Koop(u) bhario jaise daadiraa
kachhu desu bidesu na booju(u).
Aaise mera manu bikhia bimoihia
Kuchh(u) aara paru na soojh.
Sagal bhawan ke naaikaa
Ek chhin daras dikha(i) ji. (Rahaao)
Malin bhai mat madhwa
Teri gat lakhi na jaai.
karho kirpa bhramu chookie
mai sumat dehu samjhai.
Jogisar pavhi nahi
Tua gun kathanu apaar.
Prem bhagat kai karnai
Kah(u) Ravidass chamaar.

(15)

ਗਉੜੀ ਬੈਰਾਗਣਿ ਰਵਿਦਾਸ ਜੀਉ

ੴ ਸਤਿਗੁਰ ਪ੍ਰਸਾਦਿ ॥

ਸਤਜੁਗਿ ਸਤੁ ਤੇਤਾ ਜਗੀ
ਦੁਆਪਰਿ ਪੂਜਾਚਾਰ ॥
ਤੀਨੌ ਜੁਗ ਤੀਨੌ ਦਿੜੇ
ਕਲਿ ਕੇਵਲ ਨਾਮ ਅਧਾਰ ॥੧॥
ਪਾਰੁ ਕੈਸੇ ਪਾਇਬੋ ਰੇ ॥
ਮੋ ਸਉ ਕੋਊ ਨ ਕਹੈ ਸਮਝਾਇ ॥
ਜਾ ਤੇ ਆਵਾਗਵਨੁ ਬਿਲਾਇ ॥੧॥ ਰਹਾਉ ॥
ਬਹੁ ਬਿਧਿ ਧਰਮ ਨਿਰੂਪੀਐ
ਕਰਤਾ ਦੀਸੈ ਸਭ ਲੋਇ ॥
ਕਵਨ ਕਰਮ ਤੇ ਛੂਟੀਐ
ਜਿਹ ਸਾਧੇ ਸਭ ਸਿਧਿ ਹੋਇ ॥੨॥
ਕਰਮ ਅਕਰਮ ਬੀਚਾਰੀਐ
ਸੰਕਾ ਸੁਨਿ ਬੇਦ ਪੁਰਾਨ ॥

(16)

GAURI BAIRAGAN RAVIDASS JIU

EK ONKAR SAT GUR PRASAD

Satjug sat tetaa jgee
Duaapr(u) poojachaar.
Teenau jug teenau dire
Kal kewal naam adhaar.
Paar(u) kaise paaiebo re.
Mo suo koao na kahai samjha(i).
Ja te aawaa gavan bilaai (Rahaao).
Bahu bidhi dharam niroopiai
Kartaa deesai sab loi.
Kavan karam te chhuteeai
Jih saadhe sabh sidhi hoi.
Karam akaram bichareeai
Sanka sun(u) bed puraan.

( 17 )

ਸੰਸਾ ਸਦ ਹਿਰਦੈ ਬਸੈ
ਕਉਨੁ ਹਿਰੈ ਅਭਿਮਾਨੁ ॥੩॥
ਬਾਹਰੁ ਉਦਕਿ ਪਖਾਰੀਐ
ਘਟ ਭੀਤਰਿ ਬਿਬਿਧਿ ਬਿਕਾਰ ॥
ਸੁਧ ਕਵਨ ਪਰ ਹੋਇਬੋ
ਸੁਚ ਕੁੰਚਰ ਬਿਧਿ ਬਿਉਹਾਰ ॥੪॥
ਰਵਿ ਪ੍ਰਗਾਸ ਰਜਨੀ ਜਥਾ
ਗਤਿ ਜਾਨਤ ਸਭ ਸੰਸਾਰ ॥
ਪਾਰਸ ਮਾਨੋ ਤਾਬੋ ਛੁਏ
ਕਨਕ ਹੋਤ ਨਹੀ ਬਾਰ ॥੫॥
ਪਰਮ ਪਰਸ ਗੁਰੁ ਭੇਟੀਐ
ਪੂਰਬ ਲਿਖਤ ਲਿਲਾਟ ॥
ਉਨਮਨ ਮਨ ਮਨ ਹੀ ਮਿਲੇ
ਛੁਟਕਤ ਬਜਰ ਕਪਾਟ ॥੬॥
ਭਗਤਿ ਜੁਗਤਿ ਮਤਿ ਸਤਿ ਕਰੀ
ਭ੍ਰਮ ਬੰਧਨ ਕਾਟਿ ਬਿਕਾਰ ॥

( 18 )

Sansa sad hirdai bsai
Kauon hirai abhimaan.
Baahr(u)udhak pkaariai
Ghat bhitar bibidh bikaar.
Sudh kawan par hoibo
Such kunchar bidh(i) biuhaar
Ravi pargaas rajni jatha
Gat(i) jaanat sabh sansaar.
Paaras maano taabo chhuie
Kanak hot nahi baar.
Param paras guru bheteeai
Poorab likhat lilaat.
Unman man man hee mile
Chutkat bajar kpaat.
Bhagat(i) jugt(i) mat(i) sat(i) kree
Bhram bandhan kaat bikaar.

( 19 )

ਸੋਈ ਬਸਿ ਰਸਿ ਮਨ ਮਿਲੇ
ਗੁਨ ਨਿਰਗੁਨ ਏਕ ਬਿਚਾਰ ॥੭॥
ਅਨਿਕ ਜਤਨ ਨਿਗ੍ਰਹ ਕੀਏ ਟਾਰੀ
ਨ ਟਰੈ ਭ੍ਰਮ ਫਾਸ ॥
ਪ੍ਰੇਮ ਭਗਤਿ ਨਹੀ ਊਪਜੈ
ਤਾ ਤੇ ਰਵਿਦਾਸ ਉਦਾਸ ॥੮॥੧॥
(ਪੰਨਾ ੩੪੬)

( 20 )

Soiee bas ras man mile
Gunn nirgun ek bichaar.
Anik jatan nigrah keeie taaree
Na tarai bhram phass.
Prem bhagat(i) nahi uoopjai
ta te Ravidass udass.

(21)

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ
ੴ ਸਤਿਗੁਰ ਪ੍ਰਸਾਦਿ ॥

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ
ਏਕ ਦੋਖ ਬਿਨਾਸ ॥
ਪੰਚ ਦੋਖ ਅਸਾਧ ਜਾ ਮਹਿ
ਤਾ ਕੀ ਕੇਤਕ ਆਸ ॥੧॥
ਮਾਧੋ ਅਬਿਦਿਆ ਹਿਤ ਕੀਨ ॥
ਬਿਬੇਕ ਦੀਪ ਮਲੀਨ ॥੧॥ ਰਹਾਉ ॥
ਤ੍ਰਿਗਦ ਜੋਨਿ ਅਚੇਤ ਸੰਭਵ
ਪੁੰਨ ਪਾਪ ਅਸੋਚ ॥
ਮਾਨੁਖਾ ਅਵਤਾਰ ਦੁਲਭ
ਤਿਹੀ ਸੰਗਤਿ ਪੋਚ ॥੨॥
ਜੀਅ ਜੰਤ ਜਹਾ ਜਹਾ
ਲਗੁ ਕਰਮ ਕੇ ਬਸਿ ਜਾਇ ॥

(22)

AASSA BANI SRI RAVIDASS JIU KI
EK ONKAR SAT GUR PRASAD

Mrig meen bhring patang kunchar
Ek dokh binaas.
Panch dokh asaadh ja mah(i)
Ta kee ketak aas.
Maadho abidiaa hit keen
Bibek deep maleen (Rahaao).
Trigad jon(i) achet sambhav
Pun pap asoch.
Maanukha avtar dulabh
Tihee sangat(i) poch.
Jeie jant jahaa jahaa
Lagu karam ke bs(i) jaae(i).

(23)

ਕਾਲ ਫਾਸ ਅਬਧ ਲਾਗੇ
ਕਛੁ ਨ ਚਲੈ ਉਪਾਇ ॥੩॥
ਰਵਿਦਾਸ ਦਾਸ ਉਦਾਸ ਤਜੁ ਭ੍ਰਮੁ
ਤਪਨ ਤਪੁ ਗੁਰ ਗਿਆਨ ॥
ਭਗਤ ਜਨ ਭੈ ਹਰਨ
ਪਰਮਾਨੰਦ ਕਰਹੁ ਨਿਦਾਨ ॥੪॥੧॥
(ਪੰਨਾ ੪੮੬)

(24)

Kaal faas abadh laage
Kachhu na chlai upaai.
Ravidass daas udaas taj(u) bhram
Tapan tap(u) gur giaan
Bhagat(i) jan bhai haran
Pramaanand karhu nidaan.

( 25 )

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ
ੴ ਸਤਿਗੁਰ ਪ੍ਰਸਾਦਿ ॥

ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥
ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ ॥੧ ॥
ਸੰਤ ਚੀ ਸੰਗਤਿ ਸੰਤ ਕਥਾ ਰਸੁ ॥
ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ ॥੧ ॥ ਰਹਾਉ ॥
ਸੰਤ ਆਚਰਣ ਸੰਤ ਚੋ ਮਾਰਗੁ
ਸੰਤ ਚ ਓਲ੍ਹਗ ਓਲ੍ਹਗਣੀ ॥੨ ॥
ਅਉਰ ਇਕ ਮਾਗਉ ਭਗਤਿ ਚਿੰਤਾਮਣਿ ॥
ਜਣੀ ਲਖਾਵਹੁ ਅਸੰਤ ਪਾਪੀ ਸਣਿ ॥੩ ॥
ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ ॥
ਸੰਤ ਅਨੰਤਹਿ ਅੰਤਰੁ ਨਾਹੀ ॥੪ ॥੨ ॥
(ਪੰਨਾ ੪੮੬)

( 26 )

AASSA BANI SRI RAVIDASS JIU KI
EK ONKAR SAT GUR PRASAD

Sant tujhi tan(u) sangt(i) praan
Satgur giaan jaanai sant deva dev
Sant chee sangt(i) sant katha ras(u)
Sant prem maajhai deejhai devadev
(Rahaao).
Sant aacharn sant cho maarag(u)
Sant cho olag olagani.
Aour ik maagou bhagt(i) chintaman(i)
Janee lakhaavhu asant paapi san(i)
Ravidass bhanai jo jaanai so jaan(u)
Sant ananth(i) antar nahti.

( 27 )

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ
ੴ ਸਤਿਗੁਰ ਪ੍ਰਸਾਦਿ ॥
ਤੁਮ ਚੰਦਨ ਹਮ ਇਰੰਡ ਬਾਪੁਰੇ
ਸੰਗਿ ਤੁਮਾਰੇ ਬਾਸਾ ॥
ਨੀਚ ਰੂਖ ਤੇ ਊਚ ਭਏ ਹੈ
ਗੰਧ ਸੁਗੰਧ ਨਿਵਾਸਾ ॥੧ ॥
ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ ॥
ਹਮ ਅਉਗਨ ਤੁਮ੍ ਉਪਕਾਰੀ ॥੧ ॥ ਰਹਾਉ ॥
ਤੁਮ ਮਖਤੂਲ ਸੁਪੇਦ ਸਪੀਅਲ
ਹਮ ਬਪੁਰੇ ਜਸ ਕੀਰਾ ॥
ਸਤਸੰਗਤਿ ਮਿਲਿ ਰਹੀਐ ਮਾਧਉ
ਜੈਸੇ ਮਧੁਪ ਮਖੀਰਾ ॥੨ ॥
ਜਾਤੀ ਓਛਾ ਪਾਤੀ ਓਛਾ
ਓਛਾ ਜਨਮੁ ਹਮਾਰਾ ॥
ਰਾਜਾ ਰਾਮ ਕੀ ਸੇਵ ਨ ਕੀਨੀ੍
ਕਹਿ ਰਵਿਦਾਸ ਚਮਾਰਾ ॥੩ ॥੩ ॥
(ਪੰਨਾ ੪੮੬)

( 28 )

AASSA BANI SRI RAVIDASS JIU KI
EK ONKAR SAT GUR PRASAD

Tum chandan hum erind baapure
Sang tumaare baasaa
Neech rookh te uooch bhaye hai
Gandh saugandh niwaasaa
Maadho satsangat(i) saran tumari
Hum augan tum upkaari (Rahaao)
Tum makhtool suped speeal
Hum bapure jas keera
Sat sangat mil raheeye maadho
Jaise madhup makheera
Jaati ochha paati ochha
Ochha janam hamara
Raja ram kee sev na keenee
Kah(i) Ravidass chammara.

(29)

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ
ੴ ਸਤਿਗੁਰ ਪ੍ਰਸਾਦਿ॥

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥
ਤੁਝਹਿ ਚਰਨ ਅਰਬਿੰਦ ਭਵਨ ਮਨੁ ॥
ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥
੧ ॥ ਰਹਾਉ ॥
ਸੰਪਤਿ ਬਿਪਤਿ ਪਟਲ ਮਾਇਆ ਧਨੁ ॥
ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥
ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥
ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥੪॥
(ਪੰਨਾ ੪੮੬)

(30)

AASSA BANI SRI RAVIDASS JIU KI
EK ONKAR SAT GUR PRASAD

Kaha bhieo jou tan bhieo chhin(u) chhin(u).
Prem jaie tou darpai tero jan(u).
Tujhh(i) charan arbind bhawan man(u).
Paan karat paaeio
Paaeio raamieeaa dhan(u) (Rahaao).
Sampat bipt(i) patal maaya dhan(u).
Ta meh(i) magan hot na tero jan(u).
Prem kee jeveree baadhio tero jan.
Keh(i) Ravidass chhootbo kawan gun.

(31)

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ
ੴ ਸਤਿਗੁਰ ਪ੍ਰਸਾਦਿ॥

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ॥
ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ॥੧॥
ਰਹਾਉ ॥
ਹਰਿ ਕੇ ਨਾਮ ਕਬੀਰ ਉਜਾਗਰ ॥
ਜਨਮ ਜਨਮ ਕੇ ਕਾਟੇ ਕਾਗਰ ॥੧॥
ਨਿਮਤ ਨਾਮਦੇਉ ਦੂਧੁ ਪੀਆਇਆ ॥
ਤਉ ਜਗ ਜਨਮ ਸੰਕਟ ਨਹੀ ਆਇਆ ॥੨॥
ਜਨ ਰਵਿਦਾਸ ਰਾਮ ਰੰਗਿ ਰਾਤਾ ॥
ਇਉ ਗੁਰ ਪਰਸਾਦਿ
ਨਰਕ ਨਹੀ ਜਾਤਾ ॥੩॥੫॥
(ਪੰਨਾ ੪੮੭)

(32)

AASSA BANI SRI RAVIDASS JIU KI
EK ONKAR SAT GUR PRASAD

Har(i) har(i) har(i) har(i) har(i) har(i) hare.
Har(i) simrat jan gaye nistar(i) tare (Rahaao).
Har(i) ke naam Kabir ujjagar.
Janam janam ke kate kagar.
Nimat Naam Deo doodh peeaia.
Tuo jag janam sankat nahi aaya.
Jan Ravidass ram rang raataa.
Eiou gur prasad narak nahi jaataa.

( 33 )

ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ
ੴ ਸਤਿਗੁਰ ਪ੍ਰਸਾਦਿ॥

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥
ਦੇਖੈ ਦੇਖੈ ਸੁਨੈ ਬੋਲੈ
ਦਉਰਿਓ ਫਿਰਤੁ ਹੈ॥੧॥ ਰਹਾਉ॥
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥
ਮਾਇਆ ਗਈ ਤਬ ਰੋਵਨੁ ਲਗਤੁ ਹੈ॥੧॥
ਮਨ ਬਚ ਕ੍ਰਮ ਰਸ ਕਸਹਿ ਲੁਭਾਨਾ॥
ਬਿਨਸਿ ਗਇਆ ਜਾਇ ਕਹੂੰ ਸਮਾਨਾ॥੨॥
ਕਹਿ ਰਵਿਦਾਸ ਬਾਜੀ ਜਗੁ ਭਾਈ॥
ਬਾਜੀਗਰ ਸਉ ਮੋੁਹਿ
ਪ੍ਰੀਤਿ ਬਨਿ ਆਈ॥੩॥੬॥ (ਪੰਨਾ ੪੮੭)

( 34 )

AASSA BANI SRI RAVIDASS JIU KI
EK ONKAR SAT GUR PRASAD

Matee ko putra kaise nachat hai.
Dekhai dekhai sunai bolai
Daurio phirt(u) hai. (Rahaao).
Jab kuchh paavai tab garb(u) karatu hai.
Maaya gai tab rovan lagat(u) hai.
Man bach karam ras kash(i) lubhana.
Binisgaya jaai kahoo samana.
Kah(i) Ravidass baaji jag(u) bhai.
Baajighaar sou mouh(i)
preet ban(i) aaie.

( 35 )

ਗੂਜਰੀ ਸ੍ਰੀ ਰਵਿਦਾਸ ਜੀ ਕੇ ਪਦੇ ਘਰੁ ੩
ੴ ਸਤਿਗੁਰ ਪ੍ਰਸਾਦਿ॥

ਦੂਧੁ ਤ ਬਛਰੈ ਥਨਹੁ ਬਿਟਾਰਿਓ॥
ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥੧॥
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ॥
ਅਵਰੁ ਨ ਫੂਲੁ ਅਨੂਪੁ ਨ ਪਾਵਉ॥੧॥
ਰਹਾਉ॥
ਮੈਲਾਗਰ ਬੇਰ੍ਹੇ ਹੈ ਭੁਇਅੰਗਾ॥
ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ॥੨॥
ਧੂਪ ਦੀਪ ਨਈਬੇਦਹਿ ਬਾਸਾ॥
ਕੈਸੇ ਪੂਜ ਕਰਹਿ ਤੇਰੀ ਦਾਸਾ॥੩॥
ਤਨੁ ਮਨੁ ਅਰਪਉ ਪੂਜ ਚਰਾਵਉ॥
ਗੁਰ ਪਰਸਾਦਿ ਨਿਰੰਜਨੁ ਪਾਵਉ॥੪॥
ਪੂਜਾ ਅਰਚਾ ਆਹਿ ਨ ਤੋਰੀ॥
ਕਹਿ ਰਵਿਦਾਸ ਕਵਨ ਗਤਿ ਮੋਰੀ॥੫॥੧॥
(ਪੰਨਾ ੫੨੫)

( 36 )

GOOJRI SRI RAVIDASS JI KI PADE
GHAR-3
EK ONKAR SAT GUR PRASAD

Doodh ta bachhrai thanh(u) bitario.
Phool(u) bhavr(i) jal(u) meen bigaario.
Maai govind pooja khaa lai chravo.
Awar(u) na phool(u) anoop(u) na pavao. (Rahaao).
Mailagar bere hai bhuianga.
Bikh(u) amrit basih iek sanga.
Dhoop deep niebedh(i) baasaa.
Kaise pooj karh(i) teri daasaa.
Tan(u) man(u) arpo pooj charavo.
Gur prasad niranjan(u) paavo.
Pooja archa aaihe na tori.
Keh(i) Ravidass kawan gt(i) moree.

(37 )

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ
ੴ ਸਤਿਗੁਰ ਪ੍ਰਸਾਦਿ॥

ਜਬ ਹਮ ਹੋਤੇ ਤਬ ਤੂ ਨਾਹੀ
ਅਬ ਤੂਹੀ ਮੈ ਨਾਹੀ॥
ਅਨਲ ਅਗਮ ਜੈਸੇ ਲਹਰਿ ਮਇ ਓਦਧਿ
ਜਲ ਕੇਵਲ ਜਲ ਮਾਂਹੀ॥੧॥
ਮਾਧਵੇ ਕਿਆ ਕਹੀਐ ਭ੍ਰਮੁ ਐਸਾ॥
ਜੈਸਾ ਮਾਨੀਐ ਹੋਇ ਨ ਤੈਸਾ॥੧॥ ਰਹਾਉ॥
ਨਰਪਤਿ ਏਕੁ ਸਿੰਘਾਸਨਿ ਸੋਇਆ
ਸੁਪਨੇ ਭਇਆ ਭਿਖਾਰੀ॥
ਅਛਤ ਰਾਜ ਬਿਛੁਰਤ ਦੁਖੁ ਪਾਇਆ
ਸੋ ਗਤਿ ਭਈ ਹਮਾਰੀ॥੨॥
ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ
ਅਬ ਕਛੁ ਮਰਮੁ ਜਨਾਇਆ॥

(38 )

RAAG SORATH BANI BHAGAT RAVIDASS
JI KI
EK ONKAR SAT GUR PRASAD

Jab hum hote tab too naahi
ab toohee main naahi.
Anal agham jaise lahir mai oddidh
Jal kaiwal jal manhi.
Madhve kiaa kaheeaai bhram aaisa.
Jaisa maaneeiai hoe na taisa.
(Rahaao).
Narpt(i) ek(u) singhasin soiaa
Supne bhaia bhikhari.
Achhat raj bichhurat dukh(u) paiea
So gat(i) bhai hamari.
Raj bhuiang parsang jaise heh(i)
Ab kach(u) maram(u) janaia.

(39 )

ਅਨਿਕ ਕਟਕ ਜੈਸੇ ਭੂਲਿ ਪਰੇ
ਅਬ ਕਹਤੇ ਕਹਨੁ ਨ ਆਇਆ॥੩॥
ਸਰਬੇ ਏਕੁ ਅਨੇਕੈ ਸੁਆਮੀ
ਸਭ ਘਟ ਭੋੁਗਵੈ ਸੋਈ॥
ਕਹਿ ਰਵਿਦਾਸ ਹਾਥ ਪੈ ਨੇਰੈ
ਸਹਜੇ ਹੋਇ ਸੁ ਹੋਈ॥੪॥੧॥ (ਪੰਨਾ ੬੫੭)

(40 )

Anik katak jaise bhool(i) pare
Ab kahte kahn(u) na aaiea.
Sarbe ek(u) anekai suami
Sabh ghat bhoguvai soiee.
Keh(i) Ravidass hath pai nerai
Sahje hoie so hoie.

( 41 )

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ
ੴ ਸਤਿਗੁਰ ਪ੍ਰਸਾਦਿ॥

**ਜਉ ਹਮ ਬਾਂਧੇ ਮੋਹ ਫਾਸ**
**ਹਮ ਪ੍ਰੇਮ ਬਧਨਿ ਤੁਮ ਬਾਧੇ॥**
**ਅਪਨੇ ਛੂਟਨ ਕੋ ਜਤਨੁ ਕਰਹੁ**
**ਹਮ ਛੂਟੇ ਤੁਮ ਆਰਾਧੇ॥੧॥**
**ਮਾਧਵੇ ਜਾਨਤ ਹਹੁ ਜੈਸੀ ਤੈਸੀ॥**
**ਅਬ ਕਹਾ ਕਰਹੁਗੇ ਐਸੀ॥੧॥ ਰਹਾਉ॥**
**ਮੀਨੁ ਪਕਰਿ ਫਾਂਕਿਓ ਅਰੁ ਕਾਟਿਓ**
**ਰਾਂਧਿ ਕੀਓ ਬਹੁ ਬਾਨੀ॥**
**ਖੰਡ ਖੰਡ ਕਰਿ ਭੋਜਨੁ ਕੀਨੋ**
**ਤਊ ਨ ਬਿਸਰਿਓ ਪਾਨੀ॥੨॥**
**ਆਪਨ ਬਾਪੈ ਨਾਹੀ ਕਿਸੀ ਕੋ**
**ਭਾਵਨ ਕੋ ਹਰਿ ਰਾਜਾ॥**

( 42 )

RAAG SORATH BANI BHAGAT RAVIDASS
JI KI
EK ONKAR SAT GUR PRASAD

Jau hum bandhe moh phaas
Hum prem bdhan tum baandhe.
Apne chhootan ko jatan(u) karh(u)
Hum chhoote tum aaradhe.
Madhve jaanat hh(u) jaisee taisee.
Ab kahaa karh(u) ge aaise. (Rahaao).
Meen pakr(i) phankio ar(u) kaatio
Randh keeo bh(u) baanee.
Khand khand kar bhojan keeno
tou na bisrio paanee.
Aapan baapai naahi kisi ko
Bhaawan ko har(i) raja.

( 43 )

**ਮੋਹ ਪਟਲ ਸਭੁ ਜਗਤੁ ਬਿਆਪਿਓ**
**ਭਗਤ ਨਹੀ ਸੰਤਾਪਾ॥੩॥**
**ਕਹਿ ਰਵਿਦਾਸ ਭਗਤਿ ਇਕ ਬਾਢੀ**
**ਅਬ ਇਹ ਕਾ ਸਿਉ ਕਹੀਐ॥**
**ਜਾ ਕਾਰਨਿ ਹਮ ਤੁਮ ਆਰਾਧੇ**
**ਸੋ ਦੁਖੁ ਅਜਹੂ ਸਹੀਐ॥੪॥੨॥**
(ਪੰਨਾ ੬੫੮)

( 44 )

Moh patal sabh(u) jagat(u) biaapio
Bhagt(i) nahi santapa.
Keh(i) Ravidass bhagat(i) ek baadhi
Ab eih kaa sio kaheeai.
Ja kaaren hum tum aaradhee
So dukh(u) ajhoo saheeai.

(45)

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ
ੴ ਸਤਿਗੁਰ ਪ੍ਰਸਾਦਿ॥

ਦੁਲਭ ਜਨਮੁ ਪੁੰਨ ਫਲ ਪਾਇਓ
ਬਿਰਥਾ ਜਾਤ ਅਬਿਬੇਕੈ॥
ਰਾਜੇ ਇੰਦ੍ਰ ਸਮਸਰਿ ਗ੍ਰਿਹ ਆਸਨ
ਬਿਨੁ ਹਰਿ ਭਗਤਿ ਕਹਹੁ ਕਿਹ ਲੇਖੈ॥੧॥
ਨ ਬੀਚਾਰਿਓ ਰਾਜਾ ਰਾਮ ਕੋ ਰਸੁ॥
ਜਿਹ ਰਸ ਅਨਰਸ ਬੀਸਰਿ ਜਾਹੀ॥੧॥ ਰਹਾਉ॥
ਜਾਨਿ ਅਜਾਨ ਭਏ ਹਮ ਬਾਵਰ
ਸੋਚ ਅਸੋਚ ਦਿਵਸ ਜਾਹੀ॥
ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ॥੨॥

(46)

RAAG SORATH BANI BHAGAT RAVIDASS
JI KI
EK ONKAR SAT GUR PRASAD

Dulabh janam(u) punn phul paaio
Birtha jaat abibekai.
Raje Inder samsr(i) grh(i) aasan
Bin(u) har(i) bhagat kahhu-keh lekhai.
Na beechario raja ram ko ras(u).
Jih ras anras beesr(i) jaahee.(Rahaao)
Jaan ajaan bhae hum baaver
Soch asoch divas jaahi.
Indri sabal nibal bibek budh(i)

(47)

ਕਹੀਅਤ ਆਨ ਅਚਰੀਅਤ ਅਨ ਕਛੁ
ਸਮਝ ਨ ਪਰੈ ਅਪਰ ਮਾਇਆ॥
ਕਹਿ ਰਵਿਦਾਸ ਉਦਾਸ ਦਾਸ ਮਤਿ
ਪਰਹਰਿ ਕੋਪੁ ਕਰਹੁ ਜੀਅ ਦਇਆ॥੩॥੩॥
(ਪੰਨਾ ੬੫੮)

(48)

Parmarath parves nahi.
Kaheeat aan achreeat an kachh(u)
Samajh na parai apar maaya.
Keh(i) Ravidass udaas dass mat(i)
Parhar(i) kop(u) karho jeea daya.

( 49 )

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ
ੴ ਸਤਿਗੁਰ ਪ੍ਰਸਾਦਿ ॥

**ਸੁਖ ਸਾਗਰੁ ਸੁਰਤਰ ਚਿੰਤਾਮਨਿ
ਕਾਮਧੇਨੁ ਬਸਿ ਜਾ ਕੇ ॥
ਚਾਰਿ ਪਦਾਰਥ ਅਸਟ ਦਸਾ ਸਿਧਿ
ਨਵ ਨਿਧਿ ਕਰ ਤਲ ਤਾ ਕੇ ॥੧॥
ਹਰਿ ਹਰਿ ਹਰਿ ਨ ਜਪਹਿ ਰਸਨਾ ॥
ਅਵਰ ਸਭ ਤਿਆਗਿ ਬਚਨ ਰਚਨਾ ॥੧॥
ਰਹਾਉ ॥
ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ
ਅਖਰ ਮਾਂਹੀ ॥
ਬਿਆਸ ਬਿਚਾਰਿ ਕਹਿਓ ਪਰਮਾਰਥੁ
ਰਾਮ ਨਾਮ ਸਰਿ ਨਾਹੀ ॥੨॥**

( 50 )

RAAG SORATH BANI BHAGAT RAVIDASS
JI KI
EK ONKAR SAT GUR PRASAD

Sukh sagar(u) surtar chintamn(i)
Kaamdhen(u) bas jaa ke.
Chaar(i) padaarath ast dasaa sidhi
Nav nidh(i) kar tal ta ke.
Har(i) har(i) har(i) na japh(i) rasna.
Awar sab tiaag(i) bachan rachna
(Rahaao).
Nana khiaan puraan bed bidh(i)
Chautees akhar manhi.
Bias bichaar(i) kahio parmarath
Ram nam sr(i) nahi.

( 51 )

**ਸਹਜ ਸਮਾਧਿ ਉਪਾਧਿ ਰਹਤ ਫੁਨਿ
ਬਡੈ ਭਾਗਿ ਲਿਵ ਲਾਗੀ ॥
ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ
ਜਨਮ ਮਰਨ ਭੈ ਭਾਗੀ ॥੩॥੪॥
(ਪੰਨਾ ੬੫੮)**

( 52 )

Sahaj smaadh(i) upaadh(i) rahat
Phun(i) badai bhaag(i) liv laagi.
Keh(i) Ravidass paragas ridh(i) dhr(i)
Janam maran bhai bhaagee.

(53)

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ
ੴ ਸਤਿਗੁਰ ਪ੍ਰਸਾਦਿ॥

ਜਉ ਤੁਮ ਗਿਰਿਵਰ ਤਉ ਹਮ ਮੋਰਾ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥੧॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ॥
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥੧॥ ਰਹਾਉ॥
ਜਉ ਤੁਮ ਦੀਵਰਾ ਤਉ ਹਮ ਬਾਤੀ॥
ਜਉ ਤੁਮ ਤੀਰਥ ਤਉ ਹਮ ਜਾਤੀ॥੨॥
ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥੩॥
ਜਹ ਜਹ ਜਾਉ ਤਹਾ ਤੇਰੀ ਸੇਵਾ॥
ਤੁਮ ਸੋ ਠਾਕੁਰੁ ਅਉਰੁ ਨ ਦੇਵਾ॥੪॥
ਤੁਮਰੇ ਭਜਨ ਕਟਹਿ ਜਮ ਫਾਂਸਾ॥
ਭਗਤਿ ਹੇਤ ਗਾਵੈ ਰਵਿਦਾਸਾ॥੫॥
(ਪੰਨਾ ੬੫੮)

(54)

RAAG SORATH BANI BHAGAT RAVIDASS JI KI
EK ONKAR SAT GUR PRASAD

Jauo tum girivar tao hum moraa.
Jauo tum chand tao hum bhae hai chkora.
Maadhve tum na torh(u)
Toa hum nahi toreh(i).
Tum siuo tor(i) kawan siuo joreh(i) (Rahaao).
Jauo tum deevra tauo hum baatee.
Jauo tum teerath tauo hum Jaati.
Saachi preet hum tum sio jori.
Tum sio jor(i) awar sang(i) tori.
Jeh jeh jaauo taha teri sewaa.
Tum so thakur(u) auar(u) na deva.
Tumre bhajan kateh(i) jam fasa.
Bhagat(i) het gaave Ravidassa.

(55)

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ
ੴ ਸਤਿਗੁਰ ਪ੍ਰਸਾਦਿ॥

ਜਲ ਕੀ ਭੀਤਿ ਪਵਨ ਕਾ ਥੰਭਾ
ਰਕਤ ਬੁੰਦ ਕਾ ਗਾਰਾ॥
ਹਾਡ ਮਾਸ ਨਾੜੀ ਕੋ ਪਿੰਜਰੁ
ਪੰਖੀ ਬਸੈ ਬਿਚਾਰਾ॥੧॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ॥
ਜੈਸੇ ਤਰਵਰ ਪੰਖਿ ਬਸੇਰਾ॥੧॥ ਰਹਾਉ॥
ਰਾਖਹੁ ਕੰਧ ਉਸਾਰਹੁ ਨੀਵਾਂ॥
ਸਾਢੇ ਤੀਨਿ ਹਾਥ ਤੇਰੀ ਸੀਵਾਂ॥੨॥
ਬੰਕੇ ਬਾਲ ਪਾਗ ਸਿਰਿ ਡੇਰੀ॥
ਇਹੁ ਤਨੁ ਹੋਇਗੋ ਭਸਮ ਕੀ ਢੇਰੀ॥੩॥
ਊਚੇ ਮੰਦਰ ਸੁੰਦਰ ਨਾਰੀ॥
ਰਾਮ ਨਾਮ ਬਿਨੁ ਬਾਜੀ ਹਾਰੀ॥੪॥

(56)

RAAG SORATH BANI BHAGAT RAVIDASS JI KI
EK ONKAR SAT GUR PRASAD

Jal kee bheet(i) pawan kaa thamba
Rakat bundh ka gaaraa.
Haad maas naari ko pinjar(u)
Pankhi basai bichara.
Prani kiyaa mera kiyaa tera
Jaise tarver pankh(i) basera (Rahaao).
Raakh(u) kandh usarhu neevan.
Saadhe teen hath teri seevan.
Banke baal paag sir(i) deri.
Ihu tan(u) hoigo bhasam ki dheri.
Uooche mander sunder naari.
Ram naam bin(u) baaji haari.

( 57 )

ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ
ਓਛਾ ਜਨਮੁ ਹਮਾਰਾ ॥
ਤੁਮ ਸਰਨਾਗਤਿ ਰਾਜਾ ਰਾਮ ਚੰਦ
ਕਹਿ ਰਵਿਦਾਸ ਚਮਾਰਾ ॥੫॥੬॥
(ਪੰਨਾ ੬੫੯)

( 58 )

Meri jaat(i) kameenee paat(i) kameenee
Ochha Janam(u) hamaaraa.
Tum sarnagit(i) raja raam chand
Keh(i) Ravidass chamaaraa.

( 59 )

ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ
ੴ ਸਤਿਗੁਰ ਪ੍ਰਸਾਦਿ ॥

ਚਮਰਟਾ ਗਾਂਠਿ ਨ ਜਨਈ ॥
ਲੋਗੁ ਗਠਾਵੈ ਪਨਹੀ ॥੧॥ ਰਹਾਉ ॥
ਆਰ ਨਹੀ ਜਿਹ ਤੋਪਉ ॥
ਨਹੀ ਰਾਂਬੀ ਠਾਉ ਰੋਪਉ ॥੧॥
ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥
ਹਉ ਬਿਨੁ ਗਾਂਠੇ ਜਾਇ ਪਹੂਚਾ ॥੨॥
ਰਵਿਦਾਸੁ ਜਪੈ ਰਾਮ ਨਾਮਾ ॥
ਮੋਹਿ ਜਮ ਸਿਉ ਨਾਹੀ ਕਾਮਾ ॥੩॥੭॥
(ਪੰਨਾ ੬੫੯)

( 60 )

RAAG SORATH BANI BHAGAT RAVIDASS JI KI
EK ONKAR SAT GUR PRASAD

Chamrata ganth(i) na jainee.
Logu gathavai panhee (Rahaao).
Aar nahi jih topuo.
Nahi ranbee thauu ropuo.
Logu ganth(i) ganth(i) khara bigoocha.
Hau bin(u) ganthe jaaie pahoocha.
Ravidass japai raam nama.
Moh(i) jam siuo nahi kama.

( 61 )

ਧਨਾਸਰੀ ਭਗਤ ਰਵਿਦਾਸ ਜੀ ਕੀ
ੴ ਸਤਿਗੁਰ ਪ੍ਰਸਾਦਿ॥

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ
ਅਬ ਪਤੀਆਰੁ ਕਿਆ ਕੀਜੈ॥
ਬਚਨੀ ਤੋਰ ਮੋਰ ਮਨੁ ਮਾਨੈ
ਜਨ ਕਉ ਪੂਰਨੁ ਦੀਜੈ॥੧॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ॥
ਕਾਰਨ ਕਵਨ ਅਬੋਲ॥ ਰਹਾਉ॥
ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮੁ ਤੁਮ੍ਹ੍ਹਾਰੇ ਲੇਖੇ॥
ਕਹਿ ਰਵਿਦਾਸ ਆਸ ਲਗਿ ਜੀਵਉ
ਚਿਰ ਭਇਓ ਦਰਸਨੁ ਦੇਖੇ॥੨॥੧॥
(ਪੰਨਾ ੬੯੪)

( 62 )

DHANASRI BHAGAT RAVIDASS JI KI
EK ONKAR SAT GUR PRASAD

Hum sar(i) deen(u) diaal na tum sr(i)
Ab pateeaar(u) kiya keejai.
Bachnee tor mor man(u) manai
Jan kuau poorn(u) deejai.
Hau bal(i) bal(i) jaau ramieea kaarne
Kaaran kawan abol (Rahaao).
Bhut janam bichhure the maadh(u)
Ieh(u) janam tumahare lekhe.
Keh(i) Ravidass ass lag(i) jeevu
Chir bhaeo darsan(u) dekhe.

( 63 )

ਧਨਾਸਰੀ ਭਗਤ ਰਵਿਦਾਸ ਜੀ ਕੀ
ੴ ਸਤਿਗੁਰ ਪ੍ਰਸਾਦਿ॥

ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ
ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ॥
ਮਨੁ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ
ਰਸਨ ਅੰਮ੍ਰਿਤ ਰਾਮ ਨਾਮ ਭਾਖਉ॥੧॥
ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ॥
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ॥੧॥
ਰਹਾਉ॥
ਸਾਧਸੰਗਤਿ ਬਿਨਾ ਭਾਉ ਨਹੀ ਊਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ॥
ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ
ਪੈਜ ਰਾਖਹੁ ਰਾਜਾ ਰਾਮ ਮੇਰੀ॥੨॥੨॥
(ਪੰਨਾ ੬੯੪)

( 64 )

DHANASRI BHAGAT RAVIDASS JI KI
EK ONKAR SAT GUR PRASAD

Chit simran(u) kar(u) nain avilokano
Srawan baani sujas(u) poor(i) rakheo.
Man(u) so madhukr(u) karu charan hirde
Dhar(u) rasan amrit ram naam bhaakhio.
Meri preet govind sio jin(i) ghatte.
Mai tuo mol(i) mahgi liee jeea satai (Rahaao).
Saadhsangat(i) binaa bhaaou nahi oopjai
bhaav bin(u) bhagat(i) nah(i) hoie teri.
Keh(i) Ravidass ik benati har(i) sio
Paij raakho raja ram meri.

( 65 )

ਧਨਾਸਰੀ ਭਗਤ ਰਵਿਦਾਸ ਜੀ ਕੀ
ੴ ਸਤਿਗੁਰ ਪ੍ਰਸਾਦਿ ॥

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ ॥੧॥
ਰਹਾਉ ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥
ਨਾਮੁ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ
ਘਸਿ ਜਪੇ ਨਾਮੁ ਲੇ ਤੁਝਹਿ ਕਉ ਚਾਰੇ ॥੧॥
ਨਾਮੁ ਤੇਰਾ ਦੀਵਾ ਨਾਮੁ ਤੇਰੋ ਬਾਤੀ
ਨਾਮੁ ਤੇਰੋ ਤੇਲੁ ਲੇ ਮਾਹਿ ਪਸਾਰੇ ॥
ਨਾਮ ਤੇਰੇ ਕੀ ਜੋਤਿ ਲਗਾਈ
ਭਇਓ ਉਜਿਆਰੋ ਭਵਨ ਸਗਲਾਰੇ ॥੨॥

( 66 )

DHANASRI BHAGAT RAVIDASS JI KI
EK ONKAR SAT GUR PRASAD

Naam(u) tero aarti majan(u) muraare.
Har(i) ke naam bin jhoothe sagal pasaare (Rahaao).
Naam tero aasno naam tero ursaa
Naam(u) teraa kesro le chhitkare.
Naam(u) teraa ambula Naam(u) tero chandno
Ghs(i) jape naam(u) le tujhie kao chaare.
Naam(u) tero deeva naam(u) tero baati
Naam(u) tero tel(u) maah(i) pasaare.
Naam tere kee jot(i) lagaaie
Bhaeo ujhiaaro bhawan saglaare.

( 67 )

ਨਾਮੁ ਤੇਰੋ ਤਾਗਾ ਨਾਮੁ ਫੂਲ ਮਾਲਾ
ਭਾਰ ਅਠਾਰਹ ਸਗਲ ਜੂਠਾਰੇ ॥
ਤੇਰੋ ਕੀਆ ਤੁਝਹਿ ਕਿਆ ਅਰਪਉ
ਨਾਮੁ ਤੇਰਾ ਤੁਹੀ ਚਵਰ ਢੋਲਾਰੇ ॥੩॥
ਦਸ ਅਠਾ ਅਠਸਠੇ ਚਾਰੇ ਖਾਣੀ
ਇਹੈ ਵਰਤਣਿ ਹੈ ਸਗਲ ਸੰਸਾਰੇ ॥
ਕਹੈ ਰਵਿਦਾਸੁ ਨਾਮੁ ਤੇਰੋ ਆਰਤੀ
ਸਤਿਨਾਮੁ ਹੈ ਹਰਿ ਭੋਗ ਤੁਹਾਰੇ ॥੪॥੩॥
(ਪੰਨਾ ੬੯੪)

( 68 )

Naam(u) tero taagaa naam phool maalaa
Bhaar athaarah sagal joothare.
Tero kia tojhh(i) kia arpo(u)
Naam(u) Tera tuhee chawar dhoolaare.
Das athaa athsathe chaare khaanee
Iihai vartan(i) hai sagal sansare.
Keh(i) Ravidass naam(u) tero aarti
Satnaam(u) hai har(i) bhog tuhaare.

( 69 )

ਜੈਤਸਰੀ ਬਾਣੀ ਭਗਤਾ ਕੀ
ੴ ਸਤਿਗੁਰ ਪ੍ਰਸਾਦਿ ॥

ਨਾਥ ਕਛੂਅ ਨ ਜਾਨਉ ॥
ਮਨੁ ਮਾਇਆ ਕੈ ਹਾਥਿ ਬਿਕਾਨਉ ॥੧॥
ਰਹਾਉ ॥
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ ॥
ਹਮ ਕਹੀਅਤ ਕਲਿਜੁਗ ਕੇ ਕਾਮੀ ॥੧॥
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ॥੨॥
ਜਤ ਦੇਖਉ ਤਤ ਦੁਖ ਕੀ ਰਾਸੀ ॥
ਅਜੌਂ ਨ ਪਤ੍ਹਾਇ ਨਿਗਮ ਭਏ ਸਾਖੀ ॥੩॥
ਗੋਤਮ ਨਾਰਿ ਉਮਾਪਤਿ ਸ੍ਵਾਮੀ ॥
ਸੀਸੁ ਧਰਨਿ ਸਹਸ ਭਗ ਗਾਂਮੀ ॥੪॥

( 70 )

JAITSARI BANI BHAGTA KI
EK ONKAR SAT GUR PRASAD

Naath khachhoo na jaano(u)
Man(u) maayaa kai haath(i) bikaanno
(Rahaao).
Tum kaheeat hao jagat gur suami.
Hum kaheeat kal jug ke kaamee.
In panchan mero man(u) jo bigaario.
Pal(u) pal(u) har(i) jee te anter(u) paario.
Jat dekho(u) tat dukh kee raasee.
Ajo na pataaie nigam bhe(i) saakhee.
Gotam naar(i) umapat(i) swami.
Sees(u) dhrn(i) sahas bhag gami.

( 71 )

ਇਨ ਦੂਤਨ ਖਲੁ ਬਧੁ ਕਰਿ ਮਾਰਿਓ ॥
ਬਡੋ ਨਿਲਾਜੁ ਅਜਹੂ ਨਹੀ ਹਾਰਿਓ ॥੫॥
ਕਹਿ ਰਵਿਦਾਸ ਕਹਾ ਕੈਸੇ ਕੀਜੈ ॥
ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥੬॥੧॥
(ਪੰਨਾ ੭੧੦)

( 72 )

In dootan khal(u) badh(u) kar maario.
Badho nilaj(u) ajhoo nahi haario.
Keh(i) Ravidass kahaa kaise keejai.
Bin(u) Raghunath sarn(i) ka ki leejai.

( 73 )

ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ
ੴ ਸਤਿਗੁਰ ਪ੍ਰਸਾਦਿ॥

ਸਹ ਕੀ ਸਾਰ ਸੁਹਾਗਨਿ ਜਾਨੈ॥
ਤਜਿ ਅਭਿਮਾਨੁ ਸੁਖ ਰਲੀਆ ਮਾਨੈ॥
ਤਨੁ ਮਨੁ ਦੇਇ ਨ ਅੰਤਰੁ ਰਾਖੈ॥
ਅਵਰਾ ਦੇਖਿ ਨ ਸੁਨੈ ਅਭਾਖੈ॥੧॥
ਸੋ ਕਤ ਜਾਨੈ ਪੀਰ ਪਰਾਈ॥
ਜਾ ਕੈ ਅੰਤਰਿ ਦਰਦੁ ਨ ਪਾਈ॥੧॥ ਰਹਾਉ॥
ਦੁਖੀ ਦੁਹਾਗਨਿ ਦੁਇ ਪਖ ਹੀਨੀ॥
ਜਿਨਿ ਨਾਹ ਨਿਰੰਤਰਿ ਭਗਤਿ ਨ ਕੀਨੀ॥
ਪੁਰ ਸਲਾਤ ਕਾ ਪੰਥੁ ਦੁਹੇਲਾ॥
ਸੰਗਿ ਨ ਸਾਥੀ ਗਵਨੁ ਇਕੇਲਾ॥੨॥
ਦੁਖੀਆ ਦਰਦਵੰਦੁ ਦਰਿ ਆਇਆ॥
ਬਹੁਤੁ ਪਿਆਸ ਜਬਾਬੁ ਨ ਪਾਇਆ॥
ਕਹਿ ਰਵਿਦਾਸ ਸਰਨਿ ਪ੍ਰਭ ਤੇਰੀ॥
ਜਿਉ ਜਾਨਹੁ ਤਿਉ ਕਰੁ ਗਤਿ ਮੇਰੀ॥੩॥੧॥
(ਪੰਨਾ ੭੯੩)

( 74 )

RAAG SOOHI BANI SRI RAVIDASS JIU KI
EK ONKAR SAT GUR PRASAD

Seh kee saar suhaagn(i) jaanai.
Tej(i) abhimaan sukh raleea maanai.
Tan(u) man(u) deh(i) na anter raakhe.
Awr(a) deikh na sunai abhaakhai.
So kat jaanai peer praaiee.
Ja kai antar(i) darad(u) na paaie (Rahaao).
Dukhee dohagin duie pakh hini.
Jini naah nirantir bhagat(i) na kini.
Purslat ka panth(u) dohela.
Sang na saathi gawan(u) ikela.
Dukheea dardvand dar aaieaa.
Bhut piaas javaab (u) na paaieaa.
Keh(i) Ravidass saran(i) prabh teree.
Jiuo jaanh(u) tiuo kar(u) gat(i) meree.

( 75 )

ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ
ੴ ਸਤਿਗੁਰ ਪ੍ਰਸਾਦਿ॥

ਜੋ ਦਿਨ ਆਵਹਿ ਸੋ ਦਿਨ ਜਾਹੀ॥
ਕਰਨਾ ਕੂਚੁ ਰਹਨੁ ਥਿਰੁ ਨਾਹੀ॥
ਸੰਗੁ ਚਲਤ ਹੈ ਹਮ ਭੀ ਚਲਨਾ॥
ਦੂਰਿ ਗਵਨੁ ਸਿਰ ਊਪਰਿ ਮਰਨਾ॥੧॥
ਕਿਆ ਤੂ ਸੋਇਆ ਜਾਗੁ ਇਆਨਾ॥
ਤੈ ਜੀਵਨੁ ਜਗਿ ਸਚੁ ਕਰਿ ਜਾਨਾ॥੧॥ ਰਹਾਉ॥
ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ॥
ਸਭ ਘਟ ਭੀਤਰਿ ਹਾਟੁ ਚਲਾਵੈ॥
ਕਰਿ ਬੰਦਿਗੀ ਛਾਡਿ ਮੈ ਮੇਰਾ॥
ਹਿਰਦੈ ਨਾਮੁ ਸਮ੍ਹਾਰਿ ਸਵੇਰਾ॥੨॥

( 76 )

RAAG SOOHI BANI SRI RAVIDASS JIU KI
EK ONKAR SAT GUR PRASAD

Jo din aaveh(i) so din jaahee.
Karna kooch rahan(u) thir(u) naahee.
Sang(u) chalat hai hum bhee chalna.
Door(i) gawan(u) sir uoopar(i) marna.
Kiaa too soiaa jaag(u) eianna.
Tai jeewan(u) jag(u) sach kar jaanaa (Rahaao).
Jini jeeuo deeaa su rijk(u) ambraavai.
Sab ghat bheetr(i) haat(u) chalaavai.
Kar(i) bandigee chhaadh main mera.
Hirdai naam(u) smaar(i) sawera.

(77)

ਜਨਮੁ ਸਿਰਾਨੋ ਪੰਥੁ ਨ ਸਵਾਰਾ॥
ਸਾਂਝ ਪਰੀ ਦਹ ਦਿਸ ਅੰਧਿਆਰਾ॥
ਕਹਿ ਰਵਿਦਾਸ ਨਿਦਾਨਿ ਦਿਵਾਨੇ॥
ਚੇਤਸਿ ਨਾਹੀ ਦੁਨੀਆ ਫਨ ਖਾਨੇ॥੩॥੨॥
(ਪੰਨਾ ੭੯੩)

(78)

Janam(u) siraanao panth(u) na swaara.
Sanj paree deh dis andhiara.
Keh(i) Ravidass nidaan(i) dewaane.
Chetis naahi duniya phan khaane.

(79)

ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ
ੴ ਸਤਿਗੁਰ ਪ੍ਰਸਾਦਿ॥

ਊਚੇ ਮੰਦਰ ਸਾਲ ਰਸੋਈ॥
ਏਕ ਘਰੀ ਫੁਨਿ ਰਹਨੁ ਨ ਹੋਈ॥੧॥
ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ॥
ਜਲਿ ਗਇਓ ਘਾਸੁ ਰਲਿ ਗਇਓ ਮਾਟੀ॥੧॥
ਰਹਾਉ॥
ਭਾਈ ਬੰਧ ਕੁਟੰਬ ਸਹੇਰਾ॥
ਓਇ ਭੀ ਲਾਗੇ ਕਾਢੁ ਸਵੇਰਾ॥੨॥
ਘਰ ਕੀ ਨਾਰਿ ਉਰਹਿ ਤਨ ਲਾਗੀ।
ਉਹ ਤਉ ਭੂਤੁ ਭੂਤੁ ਕਰਿ ਭਾਗੀ॥੩॥
ਕਹਿ ਰਵਿਦਾਸ ਸਭੈ ਜਗੁ ਲੂਟਿਆ॥
ਹਮ ਤਉ ਏਕ ਰਾਮੁ ਕਹਿ ਛੂਟਿਆ॥੪॥੩॥
(ਪੰਨਾ ੭੯੪)

(80)

RAAG SOOHI BANI SRI RAVIDASS JIU KI
EK ONKAR SAT GUR PRASAD

Uooche mander saal rasoi.
Ek ghari phun(i) rahn(u) na hoiee.
Ih(i) tan(u) aaisa jaise ghaas ki taatee.
Jal gaio(u) ghaas(u) ral gaeo(u) maati
(Rahaao).
Bhaie bandh kutambh sahera.
Oie bhi laage kaadh(u) sawera.
Ghar ki naar(i) uoreh(i) tan laagi.
Uoh tuo bhoot(u) bhoot(u) kar bhaagi.
Keh(i) Ravidass sabhai jag lootia.
Hum tou ek Raam(u) keh(i) chhootia.

( 81 )

ਬਿਲਾਵਲੁ ਬਾਣੀ ਰਵਿਦਾਸ ਭਗਤ ਕੀ
ੴ ਸਤਿਗੁਰ ਪ੍ਰਸਾਦਿ ॥

ਦਾਰਿਦੁ ਦੇਖਿ ਸਭ ਕੋ ਹਸੈ
ਐਸੀ ਦਸਾ ਹਮਾਰੀ ॥
ਅਸਟ ਦਸਾ ਸਿਧਿ ਕਰ ਤਲੈ
ਸਭ ਕ੍ਰਿਪਾ ਤੁਮਾਰੀ ॥੧॥
ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ ॥
ਸਗਲ ਜੀਅ ਸਰਨਾਗਤੀ
ਪ੍ਰਭ ਪੂਰਨ ਕਾਮ ॥੧॥ ਰਹਾਉ ॥
ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ ॥
ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ ॥੨॥
ਕਹਿ ਰਵਿਦਾਸ ਅਕਥ ਕਥਾ
ਬਹੁ ਕਾਇ ਕਰੀਜੈ ॥
ਜੈਸਾ ਤੂ ਤੈਸਾ ਤੁਹੀ
ਕਿਆ ਉਪਮਾ ਦੀਜੈ ॥੩॥੧॥ (ਪੰਨਾ ੮੫੮)

( 82 )

BILAWAL BANI RAVIDASS BHAGAT KI
EK ONKAR SAT GUR PRASAD

Darad(u) dekh(i) sab ko hasai
Aaisee dasaa hamaaree.
Ast dasaa sid(i) kar talai
Sab kirpa tumhari.
Too jaanat main kichh(u) nahi
Bhawkhandan raam.
Sagal jeaa saranagatee
Prabh pooran kaam. (Rahaao).
Jo teri sarnagataa tin naahee bhaar(u).
Uooch neech tum te tare aalaj(u) sansar(u).
Keh(i) Ravidass akath kathaa
Bah(u) kaaie kreejai.
Jaisaa too taisaa tuhee kiya upma deejai.

( 83 )

ਬਿਲਾਵਲੁ ਬਾਣੀ ਰਵਿਦਾਸ ਭਗਤ ਕੀ
ੴ ਸਤਿਗੁਰ ਪ੍ਰਸਾਦਿ ॥

ਜਿਹ ਕੁਲ ਸਾਧੁ ਬੈਸਨੌ ਹੋਇ ॥
ਬਰਨ ਅਬਰਨ ਰੰਕੁ ਨਹੀ ਈਸੁਰੁ
ਬਿਮਲ ਬਾਸੁ ਜਾਨੀਐ ਜਗਿ ਸੋਇ ॥੧॥
ਰਹਾਉ ॥
ਬ੍ਰਹਮਨ ਬੈਸ ਸੂਦ ਅਰੁ ਖ੍ਹਤ੍ਰੀ
ਡੋਮ ਚੰਡਾਰ ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ
ਆਪੁ ਤਾਰਿ ਤਾਰੇ ਕੁਲ ਦੋਇ ॥੧॥
ਧੰਨਿ ਸੁ ਗਾਉ ਧੰਨਿ ਸੋ ਠਾਉ
ਧੰਨਿ ਪੁਨੀਤ ਕੁਟੰਬ ਸਭ ਲੋਇ ॥
ਜਿਨਿ ਪੀਆ ਸਾਰ ਰਸੁ ਤਜੇ ਆਨ ਰਸ
ਹੋਇ ਰਸ ਮਗਨ ਡਾਰੇ ਬਿਖੁ ਖੋਇ ॥੨॥

( 84 )

BILAWAL BANI RAVIDASS BHAGAT KI
EK ONKAR SAT GUR PRASAD

Jhi kul sadh(u) baisnao hoie.
Baran abaran rank(u) nahee ieesuru bimal Baas(u) jaaneeaai jag soie. (Rahaao).
Brahman bais sood ar(u) khatiri.
Dom chandaar malechh man soie.
Hoie puneet bhagwant bhaajan te
Aap(u) taar(i) taare kul doie.
Dhan(i) s(u) gaaou dhans(u) thaaou
Dhan puneet kutambh sab loie.
Jini peeaa saar ras taje aan ras
Hoi ras magan daare bikhu kohe.

(85 )

ਪੰਡਿਤ ਸੂਰ ਛਤ੍ਰਪਤਿ ਰਾਜਾ
ਭਗਤ ਬਰਾਬਰਿ ਅਉਰੁ ਨ ਕੋਇ ॥
ਜੈਸੇ ਪੁਰੈਨ ਪਾਤ ਰਹੈ ਜਲ ਸਮੀਪ
ਭਨਿ ਰਵਿਦਾਸ ਜਨਮੇ ਜਗਿ ਓਇ ॥੩॥੨॥
(ਪੰਨਾ ੮੫੮)

(86 )

Pandit soor chhtar pat raja.
Bhagat(i) brabr(i) auor(u) na koie.
Jaise purain paat rahai jal smeep
Bhn(i) Ravidass janme jag ohe.

(87 )

ਰਾਗੁ ਗੋਂਡ ਬਾਣੀ ਰਵਿਦਾਸ ਜੀਉ ਕੀ ਘਰੁ ੨
ੴ ਸਤਿਗੁਰ ਪ੍ਰਸਾਦਿ ॥

ਮੁਕੰਦ ਮੁਕੰਦ ਜਪਹੁ ਸੰਸਾਰ ॥
ਬਿਨੁ ਮੁਕੰਦ ਤਨੁ ਹੋਇ ਅਉਹਾਰ ॥
ਸੋਈ ਮੁਕੰਦੁ ਮੁਕਤਿ ਕਾ ਦਾਤਾ ॥
ਸੋਈ ਮੁਕੰਦੁ ਹਮਰਾ ਪਿਤ ਮਾਤਾ ॥੧॥
ਜੀਵਤ ਮੁਕੰਦੇ ਮਰਤ ਮੁਕੰਦੇ ॥
ਤਾ ਕੇ ਸੇਵਕ ਕਉ ਸਦਾ ਅਨੰਦੇ ॥੧॥
ਰਹਾਉ ॥
ਮੁਕੰਦ ਮੁਕੰਦ ਹਮਾਰੇ ਪ੍ਰਾਨੰ ॥
ਜਪਿ ਮੁਕੰਦ ਮਸਤਕਿ ਨੀਸਾਨੰ ॥
ਸੇਵ ਮੁਕੰਦ ਕਰੈ ਬੈਰਾਗੀ ॥
ਸੋਈ ਮੁਕੰਦੁ ਦੁਰਬਲ ਧਨੁ ਲਾਧੀ ॥੨॥
ਏਕ ਮੁਕੰਦੁ ਕਰੈ ਉਪਕਾਰੁ ॥
ਹਮਰਾ ਕਹਾ ਕਰੈ ਸੰਸਾਰੁ ॥

(88 )

RAAG GOND BANI RAVIDASS JIU KI
GHAR-2
EK ONKAR SAT GUR PRASAD

Mukand mukand japh(u) sansaar.
Bin(u) mukand tan(u) hoie auohar.
Soiee mukand mukat(i) ka daataa.
Soiee mukand hamra pit maataa.
Jeewat mukande marat mukande.
Taa ke sewak kuo sadda anande.
(Rahaao).
Mukand mukand hamaare paraan.
Jap(i) mukand mastik neesaan.
Sev mukand kare bairaagi.
Soei mukand durlabh dhan laadee.
Ek mukand kare upkar.
Hamra kahaa karai sansaar.

( 89 )

ਮੇਟੀ ਜਾਤਿ ਹੂਏ ਦਰਬਾਰਿ ॥
ਤੁਹੀ ਮੁਕੰਦ ਜੋਗ ਜੁਗ ਤਾਰਿ ॥੩॥
ਉਪਜਿਓ ਗਿਆਨੁ ਹੂਆ ਪਰਗਾਸ ॥
ਕਰਿ ਕਿਰਪਾ ਲੀਨੇ ਕੀਟ ਦਾਸ ॥
ਕਹੁ ਰਵਿਦਾਸ ਅਬ ਤ੍ਰਿਸਨਾ ਚੂਕੀ ॥
ਜਪਿ ਮੁਕੰਦ ਸੇਵਾ ਤਾਹੂ ਕੀ ॥੪॥੧॥
(ਪੰਨਾ ੮੭੫)

( 90 )

Maetee jaat(i) hooe darbaar.
Tuhee mukand jog jug taar.
Upjio giaan hooaa pargaas.
Kar kirpaa leene keet dass.
Kah(u) Ravidass ab trisna chooki.
Jap(i) mukand sewa taahoo ki.

( 91 )

ਰਾਗੁ ਗੋਂਡ ਬਾਣੀ ਰਵਿਦਾਸ ਜੀਉ ਕੀ ਘਰੁ ੨
ੴ ਸਤਿਗੁਰ ਪ੍ਰਸਾਦਿ ॥

ਜੇ ਓਹੁ ਅਠਸਠਿ ਤੀਰਥ ਨ੍ਾਵੈ ॥
ਜੇ ਓਹੁ ਦੁਆਦਸ ਸਿਲਾ ਪੂਜਾਵੈ ॥
ਜੇ ਓਹੁ ਕੂਪ ਤਟਾ ਦੇਵਾਵੈ ॥
ਕਰੈ ਨਿੰਦ ਸਭ ਬਿਰਥਾ ਜਾਵੈ ॥੧॥
ਸਾਧ ਕਾ ਨਿੰਦਕੁ ਕੈਸੇ ਤਰੈ ॥
ਸਰਪਰ ਜਾਨਹੁ ਨਰਕ ਹੀ ਪਰੈ ॥੧॥ ਰਹਾਉ ॥
ਜੇ ਓਹੁ ਗ੍ਰਹਨ ਕਰੈ ਕੁਲਖੇਤਿ ॥
ਅਰਪੈ ਨਾਰਿ ਸੀਗਾਰ ਸਮੇਤਿ ॥
ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ ॥
ਕਰੈ ਨਿੰਦ ਕਵਨੈ ਨਹੀ ਗੁਨੈ ॥੨॥
ਜੇ ਓਹੁ ਅਨਿਕ ਪ੍ਰਸਾਦ ਕਰਾਵੈ ॥
ਭੂਮਿ ਦਾਨ ਸੋਭਾ ਮੰਡਪਿ ਪਾਵੈ ॥

( 92 )

RAAG GOND BANI RAVIDASS JIU KI
GHAR-2
EK ONKAR SAT GUR PRASAD

Je uh(u) aithsth(i) teerath naavai.
Je uh(u) duaadas silaa poojaavai.
Je uhu koop tata dewaavai.
Kare nind sab birtha jaawai.
Sadh ka nindak kaise tarai.
Sarpar jaanh(u) narak he parai. (Rahaao)
Je uhu grahan karai kulkhet(i).
Arpai naar seegaar smet(u)
Sagli smrit sarwani sunai.
Karai nind kawanai nahi gunai.
Je uh(u) anik parsaadh karaavai.
Bhoom(i) daan sobhaa mandip paava(i).

(93 )

ਅਪਨਾ ਬਿਗਾਰਿ ਬਿਰਾਂਨਾ ਸਾਂਢੈ ॥
ਕਰੈ ਨਿੰਦ ਬਹੁ ਜੋਨੀ ਹਾਂਢੈ ॥੩॥
ਨਿੰਦਾ ਕਹਾ ਕਰਹੁ ਸੰਸਾਰਾ ॥
ਨਿੰਦਕ ਕਾ ਪਰਗਟਿ ਪਾਹਾਰਾ ॥
ਨਿੰਦਕੁ ਸੋਧਿ ਸਾਧਿ ਬੀਚਾਰਿਆ ॥
ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥
੪॥੨॥ (ਪੰਨਾ ੮੭੫)

(94 )

Apna bigaar(i) biranaa sandai.
Karai nind bah(u) jonee handai.
Ninda kahaa karh(u) sansaaraa.
Nindak ka pargt(i) paahaaraa.
Nindak sodh(i) saadh(i) beechaariaa.
Kah(u) Ravidass paapee narak(i) sidhaariaa.

(95 )

ਰਾਮਕਲੀ ਬਾਣੀ ਰਵਿਦਾਸ ਜੀ ਕੀ

ੴ ਸਤਿਗੁਰ ਪ੍ਰਸਾਦਿ॥

ਪੜੀਐ ਗੁਨੀਐ ਨਾਮੁ ਸਭੁ ਸੁਨੀਐ
ਅਨਭਉ ਭਾਉ ਨ ਦਰਸੈ ॥
ਲੋਹਾ ਕੰਚਨੁ ਹਿਰਨ ਹੋਇ ਕੈਸੇ
ਜਉ ਪਾਰਸਹਿ ਨ ਪਰਸੈ ॥੧॥
ਦੇਵ ਸੰਸੈ ਗਾਂਠਿ ਨ ਛੂਟੈ ॥
ਕਾਮ ਕ੍ਰੋਧ ਮਾਇਆ ਮਦ ਮਤਸਰ
ਇਨ ਪੰਚਹੁ ਮਿਲਿ ਲੂਟੇ ॥੧॥ ਰਹਾਉ ॥
ਹਮ ਬਡ ਕਬਿ ਕੁਲੀਨ ਹਮ ਪੰਡਿਤ
ਹਮ ਜੋਗੀ ਸੰਨਿਆਸੀ ॥
ਗਿਆਨੀ ਗੁਨੀ ਸੂਰ ਹਮ ਦਾਤੇ
ਇਹ ਬੁਧਿ ਕਬਹਿ ਨ ਨਾਸੀ ॥੨॥

(96 )

RAMKALI BANI RAVIDASS JI KI

EK ONKAR SAT GUR PRASAD

Pareeaai guneeai naam(u) sab(u) suneeai
Anbh(u) bhaah(u) na darsai.
Lohaa kanchun hiran hoie kaise
Jou paarseh na parsai.
Dev sansai ganthih na chhutai.
Kaam krodh maayia mad matsar
In punch(u) mil loote. (Rahaao).
Hum badh kb(i) kuleen hum pandit
Hum jogee saniaasee.
Giaani gunee soor hum daate
Eih budh(i) kbh(i) na naasee.

( 97 )

ਕਹੁ ਰਵਿਦਾਸ ਸਭੈ ਨਹੀ ਸਮਝਸਿ
ਭੂਲਿ ਪਰੇ ਜੈਸੇ ਬਉਰੇ ॥
ਮੋਹਿ ਅਧਾਰੁ ਨਾਮੁ ਨਾਰਾਇਨ
ਜੀਵਨ ਪ੍ਰਾਨ ਧਨ ਮੋਰੇ ॥੩॥੧॥
(ਪੰਨਾ ੯੭੩)

( 98 )

Kah(u) Ravidass sabhai nahi samjhs(i)
Bhool pare jaise baure.
Moh(i) adhaar(u) nam naaraain
Jeewan praan dhan more.

( 99 )

ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ
ੴ ਸਤਿਗੁਰ ਪ੍ਰਸਾਦਿ॥

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ
ਮਾਥੈ ਛਤ੍ਰੁ ਧਰੈ ॥੧॥ ਰਹਾਉ ॥
ਜਾ ਕੀ ਛੋਤਿ ਜਗਤ ਕਉ ਲਾਗੈ
ਤਾ ਪਰ ਤੁਂਹੀ ਢਰੈ ॥
ਨੀਚਹ ਊਚ ਕਰੈ ਮੇਰਾ ਗੋਬਿੰਦੁ
ਕਾਹੂ ਤੇ ਨ ਡਰੈ ॥੧॥
ਨਾਮਦੇਵ ਕਬੀਰੁ ਤਿਲੋਚਨੁ
ਸਧਨਾ ਸੈਨੁ ਤਰੈ ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ
ਹਰਿ ਜੀਉ ਤੇ ਸਭੈ ਸਰੈ ॥੨॥੧॥
(ਪੰਨਾ ੧੧੦੬)

(100)

RAG MAROO BANI RAVIDASS JIU KI
EK ONKAR SAT GUR PRASAD

Aaisee lal tujh bin(u) kaun(u) kara(i).
Gareeb niwaaj(u) guseea meraa
Maathai chhatar dharai. (Rahaao).
Ja kee chhot(i) jagat kou laagai
Taa par tuhee dhrai.
Neecho uooch karai meraa govind
Kaahoo te na darai.
Naamdev Kabir Tilochan
Sadhna Sain tarai.
Keh(i) Ravidass sunhu re santoh
Har(i) jeeou te sabhai sarai.

(101)

ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ

ੴ ਸਤਿਗੁਰ ਪ੍ਰਸਾਦਿ॥

ਸੁਖ ਸਾਗਰ ਸੁਰਿਤਰੁ ਚਿੰਤਾਮਨਿ
ਕਾਮਧੇਨ ਬਸਿ ਜਾ ਕੇ ਰੇ॥
ਚਾਰਿ ਪਦਾਰਥ ਅਸਟ ਮਹਾ ਸਿਧਿ
ਨਵ ਨਿਧਿ ਕਰ ਤਲ ਤਾ ਕੈ॥੧॥
ਹਰਿ ਹਰਿ ਹਰਿ ਨ ਜਪਸਿ ਰਸਨਾ॥
ਅਵਰ ਸਭ ਛਾਡਿ ਬਚਨ ਰਚਨਾ॥੧॥ ਰਹਾਉ॥
ਨਾਨਾ ਖਿਆਨ ਪੁਰਾਨ ਬੇਦ ਬਿਧਿ ਚਉਤੀਸ
ਅਛਰ ਮਾਹੀ॥
ਬਿਆਸ ਬੀਚਾਰਿ ਕਹਿਓ ਪਰਮਾਰਥੁ ਰਾਮ
ਨਾਮ ਸਰਿ ਨਾਹੀ॥੨॥
ਸਹਜ ਸਮਾਧਿ ਉਪਾਧਿ ਰਹਤ ਹੋਇ
ਬਡੇ ਭਾਗਿ ਲਿਵ ਲਾਗੀ॥
ਕਹਿ ਰਵਿਦਾਸ ਉਦਾਸ ਦਾਸ ਮਤਿ
ਜਨਮ ਮਰਨ ਭੈ ਭਾਗੀ॥੩॥੨॥

(ਪੰਨਾ ੧੧੦੬)

(102)

RAAG MAROO BANI RAVIDASS JIU KI

EK ONKAR SAT GUR PRASAD

Sukh saagar surtar chintaman (i)
Kaamdhen bas(i) jaa ke re.
Chaar(i) padaarath ast maha sidi
Nav nid(i) kar tal taa ke.
Har(i) Har(i) na japas(i) rasna.
Awar sab chhaadh(i) bachan rachna.
(Rahaao)
Naanaa kheaan(i) puraan ved bidh(i)
Chautees achhar maahee.
Bias beechaar(i) kahio parmarath(u)
Raam naam sar naahee.
Sahaj smadh(i) uupaadh(i) rahat hoie
Badhe bhaag(i) liv laagee.
Keh(i) Ravidass udass daas mat(i)
Janam maran bhai bhagi.

(103)

ਰਾਗੁ ਕੇਦਾਰਾ ਬਾਣੀ ਰਵਿਦਾਸ ਜੀਉ ਕੀ

ੴ ਸਤਿਗੁਰ ਪ੍ਰਸਾਦਿ॥

ਖਟੁ ਕਰਮ ਕੁਲ ਸੰਜੁਗਤੁ ਹੈ
ਹਰਿ ਭਗਤਿ ਹਿਰਦੈ ਨਾਹਿ॥
ਚਰਨਾਰਬਿੰਦ ਨ ਕਥਾ ਭਾਵੈ
ਸੁਪਚ ਤੁਲਿ ਸਮਾਨਿ॥੧॥
ਰੇ ਚਿਤ ਚੇਤਿ ਚੇਤ ਅਚੇਤ॥
ਕਾਹੇ ਨ ਬਾਲਮੀਕਹਿ ਦੇਖ॥
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ
ਰਾਮ ਭਗਤਿ ਬਿਸੇਖ॥੧॥ ਰਹਾਉ॥
ਸੁਆਨ ਸਤ੍ਰੁ ਅਜਾਤੁ ਸਭ ਤੇ
ਕ੍ਰਿਸ੍ਨ ਲਾਵੈ ਹੇਤੁ॥
ਲੋਗੁ ਬਪੁਰਾ ਕਿਆ ਸਰਾਹੈ
ਤੀਨਿ ਲੋਕ ਪ੍ਰਵੇਸ॥੨॥

(104)

RAAG KEDARA BANI RAVIDASS JIU KI

EK ONKAR SAT GUR PRASAD

Khut karam kul sanjugat(u) hai
Har(i) bhagat(i) hirda(i) naah(i)
Charnar bind na kathaa bhaavai
Supach tul(i) samaan(i).
Re chit chat(i) chait achait
Kaahe na Baalmekeh dekh.
kis(u) jaat(i) te kih padih amrio
Raam bhagat(i) bisekh. (Rahaao).
Suaan satr ajaat sab te
Krisn laavai het(u).
Log bapuraa kiaa soraahai
Teein lok perves.

(105)

ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ
ਗਏ ਹਰਿ ਕੈ ਪਾਸ॥
ਐਸੇ ਦੁਰਮਤਿ ਨਿਸਤਰੇ
ਤੂ ਕਿਉ ਨ ਤਰਹਿ ਰਵਿਦਾਸ॥੩॥੧॥
(ਪੰਨਾ ੧੧੨੪)

(106)

Ajaamal pingulaa lobht(u) konchr(u)
Gaie hari kai pass.
Aaise durmat(i) nis tare
Too kiuu na tarh(i) Ravidass.

(107)

ਭੈਰਉ ਬਾਣੀ ਰਵਿਦਾਸ ਜੀਉ ਕੀ ਘਰ ੨
ੴ ਸਤਿਗੁਰ ਪ੍ਰਸਾਦਿ॥

ਬਿਨੁ ਦੇਖੇ ਉਪਜੈ ਨਹੀ ਆਸਾ॥
ਜੋ ਦੀਸੈ ਸੋ ਹੋਇ ਬਿਨਾਸਾ॥
ਬਰਨ ਸਹਿਤ ਜੋ ਜਾਪੈ ਨਾਮੁ॥
ਸੋ ਜੋਗੀ ਕੇਵਲ ਨਿਹਕਾਮੁ॥੧॥
ਪਰਚੈ ਰਾਮੁ ਰਵੈ ਜਉ ਕੋਈ॥
ਪਾਰਸੁ ਪਰਸੈ ਦੁਬਿਧਾ ਨ ਹੋਈ॥੧॥ ਰਹਾਉ॥
ਸੋ ਮੁਨਿ ਮਨ ਕੀ ਦੁਬਿਧਾ ਖਾਇ॥
ਬਿਨੁ ਦੁਆਰੇ ਤ੍ਰੈ ਲੋਕ ਸਮਾਇ॥
ਮਨ ਕਾ ਸੁਭਾਉ ਸਭੁ ਕੋਈ ਕਰੈ॥
ਕਰਤਾ ਹੋਇ ਸੁ ਅਨਭੈ ਰਹੈ॥੨॥
ਫਲ ਕਾਰਨ ਫੂਲੀ ਬਨਰਾਇ॥
ਫਲੁ ਲਾਗਾ ਤਬ ਫੂਲੁ ਬਿਲਾਇ॥

(108)

BHAIRO BANI RAVIDASS JIU KI GHAR 2
EKONKAR SATGUR PRASAD

Bin(u) dekhe upjai nahi aasaa.
Jo deesai so hoie binaasaa.
Baran saht(i) jo jaapai naam.
So jogee kewal nihkaam(u)
Parchai raam(u) ravai jo koiee.
Paaras(u) parsai dubidha na hoiee.
(Rahaao).
So mun(i) man ki dubidha khaai.
Binu duaare trai lok samaaie.
Man kaa subhaao sabh koiee karai.
Kartaa hoie s(u) anbhai rahai.
Phal kaaran pholli Banrai.
Phal laagaa tab phooll(u) bilaaie.

(109)

ਗਿਆਨੈ ਕਾਰਨ ਕਰਮ ਅਭਿਆਸੁ ॥
ਗਿਆਨੁ ਭਇਆ ਤਹ ਕਰਮਹ ਨਾਸੁ ॥੩॥
ਘ੍ਰਿਤ ਕਾਰਨ ਦਧਿ ਮਥੈ ਸਇਆਨ ॥
ਜੀਵਤ ਮੁਕਤ ਸਦਾ ਨਿਰਬਾਨ ॥
ਕਹਿ ਰਵਿਦਾਸ ਪਰਮ ਬੈਰਾਗ ॥
ਰਿਦੈ ਰਾਮੁ ਕੀ ਨ ਜਪਸਿ ਅਭਾਗ ॥੪॥੧॥
(ਪੰਨਾ ੧੧੬੭)

(110)

Gianae karan karam abhyas(u).
Giaanu bhieea tah karmah nass(u).
Ghrit kaaran dadh(i) mathai sieaan.
Jeewat mukat sadaa nirbaan.
keh(i) Ravidass param bairaag.
Ridhai raam(u) kee na japis abhaag.

(111)

ਬਸੰਤੁ ਬਾਣੀ ਰਵਿਦਾਸ ਜੀ ਕੀ
ੴ ਸਤਿਗੁਰ ਪ੍ਰਸਾਦਿ ॥

ਤੁਝਹਿ ਸੁਝੰਤਾ ਕਛੂ ਨਾਹਿ ॥
ਪਹਿਰਾਵਾ ਦੇਖੇ ਊਭਿ ਜਾਹਿ ॥
ਗਰਬਵਤੀ ਕਾ ਨਾਹੀ ਠਾਉ ॥
ਤੇਰੀ ਗਰਦਨਿ ਊਪਰਿ ਲਵੈ ਕਾਉ ॥੧॥
ਤੂ ਕਾਂਇ ਗਰਬਹਿ ਬਾਵਲੀ ॥
ਜੈਸੇ ਭਾਦਉ ਖੂੰਬਰਾਜੁ
ਤੂ ਤਿਸ ਤੇ ਖਰੀ ਉਤਾਵਲੀ ॥੧॥ ਰਹਾਉ ॥
ਜੈਸੇ ਕੁਰੰਕ ਨਹੀ ਪਾਇਓ ਭੇਦੁ ॥
ਤਨਿ ਸੁਗੰਧ ਢੂਢੈ ਪ੍ਰਦੇਸੁ ॥
ਅਪ ਤਨ ਕਾ ਜੋ ਕਰੇ ਬੀਚਾਰੁ ॥
ਤਿਸੁ ਨਹੀ ਜਮਕੰਕਰੁ ਕਰੇ ਖੁਆਰੁ ॥੨॥

(112)

BASANT BANI RAVIDASS JI KI
EK ONKAR SAT GUR PRASAD

Tujhh(i) sujhantaa kachoo naah(i).
Pehraavaa dekhe uoobh(i) jaah(i).
Garbvati ka nahi thaao(u).
Teri gardin oopre lavai kaau.
Too kanie garbh(i) baavalee.
Jaise bhaadu khoobraaj(u)
Too tis te khari utaawali. (Rahaao).
Jaise kurank nahee paaio bhed(u).
Tn(i) sugandh dhoodhai perdes.
Ap tan kaa jo kare beechar.
Tis(u) nahee jamkankarh(u) kare khuaar(u).

(113)

ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥
ਠਾਕੁਰੁ ਲੇਖਾ ਮਗਨਹਾਰੁ ॥
ਫੇੜੇ ਕਾ ਦੁਖੁ ਸਹੈ ਜੀਉ ॥
ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥੩॥
ਸਾਧੂ ਕੀ ਜਉ ਲੇਹਿ ਓਟ ॥
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥
ਕਹਿ ਰਵਿਦਾਸ ਜੁੋ ਜਪੈ ਨਾਮੁ ॥
ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥੪॥੧॥
(ਪੰਨਾ ੧੧੯੬)

(114)

Putar kalatra kaa kareh(i) ahankaar(u).
Thakur(u) lekhaa manganhaar(u).
Phere kaa dukh sahai jeeou.
Paachhee kiseh(i) pukarih(i) peeou peeou.
Sadhoo kee jou leh(i) ot.
Tere mitih paap sabh kot(i) kot(i).
Keh(i) Ravidass jou japai naamu.
Tisu jaat(i) na janam(u) na jooni kaam(u).

(115)

ਮਲਾਰ ਬਾਣੀ ਭਗਤ ਰਵਿਦਾਸ ਜੀ ਕੀ
ੴ ਸਤਿਗੁਰ ਪ੍ਰਸਾਦਿ ॥

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥
ਰਿਦੈ ਰਾਮ ਗੋਬਿੰਦ ਗੁਨ
ਸਾਰੰ ॥੧॥ਰਹਾਉ ॥
ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ
ਸੰਤ ਜਨ ਕਰਤ ਨਹੀ ਪਾਨੰ ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ
ਸੁਰਸਰੀ ਮਿਲਤ ਨਹਿ ਹੋਇ ਆਨੰ ॥੧॥
ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ
ਜੈਸੇ ਕਾਗਰਾ ਕਰਤ ਬੀਚਾਰੰ ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ
ਪੂਜੀਐ ਕਰਿ ਨਮਸਕਾਰੰ ॥੨॥

(116)

MALLAAR BANI BHAGAT RAVIDASS
JI KI
EK ONKAR SATGUR PRASAD

Naagar janan meri jaat(i) bikhiaat chamaarnn.
Ridai raam govind gun saarn. (Rahaao).
Sursari salal krit baaruni re
Sant jan karat nahi paann.
Suraa apviter nat awar jal re
Sursari milat nahi hoie aann.
Tar tar(i) apviter kar(i) maaneeaai re
Jaise kaagaraa karat bichaarn.
Bhagat(i) bhaguot likheeaai tih(i) uoopre
Poojeeai kar(i) namaskarn.

(117)

ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ
ਨਿਤਹਿ ਬਾਨਾਰਸੀ ਆਸ ਪਾਸਾ ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ ॥੩॥੧॥
(ਪੰਨਾ ੧੨੯੩)

(118)

Meri jaat(i) kut bandhlaa dhor dhouwanta
Nith(i) baanaarasi aas paasaa.
Ab bipar pardhan tih(i) karih dhanduout(i)
Tere naam sarnaaie Ravidass daasaa.

(119)

ਮਲਾਰ ਬਾਣੀ ਭਗਤ ਰਵਿਦਾਸ ਜੀ ਕੀ
ੴ ਸਤਿਗੁਰ ਪ੍ਰਸਾਦਿ ॥

ਹਰਿ ਜਪਤ ਤੇਊ ਜਨਾ ਪਦਮ ਕਵਲਾਸਪਤਿ
ਤਾਸ ਸਮ ਤੁਲਿ ਨਹੀ ਆਨ ਕੋਊ ॥
ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ ॥ ਰਹਾਉ ॥
ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ
ਤਾਸ ਕੀ ਜਾਤਿ ਆਛੋਪ ਛੀਪਾ ॥
ਬਿਆਸ ਮਹਿ ਲੇਖੀਐ ਸਨਕ ਮਹਿ ਪੇਖੀਐ
ਨਾਮ ਕੀ ਨਾਮਨਾ ਸਪਤ ਦੀਪਾ ॥੧॥
ਜਾ ਕੈ ਈਦਿ ਬਕਰੀਦਿ ਕੁਲ ਗਊ ਰੇ
ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ ॥
ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ
ਤਿਹੂ ਰੇ ਲੋਕ ਪਰਸਿਧ ਕਬੀਰਾ ॥੨॥

(120)

MALLAAR BANI BHAGAT RAVIDASS JI KI
EK ONKAR SAT GUR PRASAD
Har(i) japat teuoo janan padam kavlaas pat(i)
Tass sum tul(i) naahee aan kouoo.
Eik hee eik aneik hoie bisthrio
Ann re aan bharpoor(i) souoo. (Rahaao).
Jaa kai bhaagwat(u) lekheeai awaru Nahi pekhiaai
Tass ki jaat(i) aachhop chheepa. bias
Mah(i) lekheaai saanak meih pekheeai
naam ki naamna sapat deepa.
Jaa kai eeid bakreeid kul gaoo re
Badh(u) karh(i) maaneeah(i) sekh saheed peera.
Jaa kai baap waise karee poot assie sari
tihoo re lok parsidh Kabira.

(121)

ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ
ਅਜਹੁ ਬੰਨਾਰਸੀ ਆਸ ਪਾਸਾ॥
ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ
ਤਿਨ ਤਨੈ ਰਵਿਦਾਸ ਦਾਸਾਨ ਦਾਸਾ॥੩॥੨॥
(ਪੰਨਾ੧੨੯੩)

(122)

Jaa ke kotambh ke dhedh sab dhor
dhovant firih(i)
Ajhu banaarasi aas paasaaa.
Aachhar sehit biper karh(i) dandouuit(i)
tin tanai Ravidass daasaan dassaa.

(123)

ਮਲਾਰ ਬਾਣੀ ਭਗਤ ਰਵਿਦਾਸ ਜੀ ਕੀ
ੴ ਸਤਿਗੁਰ ਪ੍ਰਸਾਦਿ॥

ਮਿਲਤ ਪਿਆਰੋ ਪ੍ਰਾਨ ਨਾਥੁ
ਕਵਨ ਭਗਤਿ ਤੇ॥
ਸਾਧਸੰਗਤਿ ਪਾਈ ਪਰਮ ਗਤੇ॥ ਰਹਾਉ॥
ਮੈਲੇ ਕਪਰੇ ਕਹਾ ਲਉ ਧੋਵਉ॥
ਆਵੈਗੀ ਨੀਦ ਕਹਾ ਲਗੁ ਸੋਵਉ॥੧॥
ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ॥
ਝੂਠੇ ਬਨਜਿ ਉਠਿ ਹੀ ਗਈ ਹਾਟਿਓ॥੨॥
ਕਹੁ ਰਵਿਦਾਸ ਭਇਓ ਜਬ ਲੇਖੋ॥
ਜੋਈ ਜੋਈ ਕੀਨੋ ਸੋਈ ਸੋਈ ਦੇਖਿਓ॥
੩॥੧॥੩॥ ਪੰਨਾ (੧੨੯੩)

(124)

MALLAAR BANI RAVIDASS JI KI
EK ONKAR SAT GUR PRASAD

Milat piaaro pran naath(u) kawan bhagt(i) te.
Sadhsangat(i) paaee param gate. (Rahaao).
Maile kapre kahaa lou dhovou.
Aawaigee need kahaa lag(u) sovou.
Joee joee jorieo soee soee phaatio.
Jhoote banij uth(i) hee giee haateo.
Kah(u) Ravidass bhaeo jab lekho.
Joee joee keeno soee soee dekhio

(125)

# ਸਲੋਕ

ਹਰਿ ਸੋ ਹੀਰਾ ਛਾਡਿ ਕੈ
ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ
ਸਤਿ ਭਾਖੈ ਰਵਿਦਾਸ॥ ੨੪੨॥
(ਪੰਨਾ ੧੩੭੭)

(126)

# SLOK

Har(i) so heera chhadh(i) kai
Karih aan kee aas.
Te nar dojak jaahige
Sat bhaakhai Ravidass.

(127)

(128)

(129)

(130)

(131)

(132)

( )

# ਤਤਕਰਾ


| ਲੜੀ ਨੰ. ਸ਼ਬਦ | ਪੰਨਾ |
|---|---|
| 1. ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ | 2 |
| 2. ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ॥ | 4 |
| 3. ਬੇਗਮਪੁਰਾ ਸਹਰ ਕੋ ਨਾਉ॥ | 6 |
| 4. ਘਟ ਅਵਘਟ ਡੂਗਰ ਘਣਾ...... | 10 |
| 5. ਕੂਪੁ ਭਰਿਓ ਜੈਸੇ ਦਾਦਿਰਾ...... | 14 |
| 6. ਸਤਜੁਗਿ ਸਤੁ ਤੇਤਾ ਜਗੀ..... | 16 |
| 7. ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ.... | 22 |
| 8. ਸੰਤ ਤੁਝੀ ਤਨੁ ਸੰਗਤਿ ਪ੍ਰਾਨ॥ | 26 |
| 9. ਤੁਮ ਚੰਦਨ ਹਮ ਇਰੰਡ ਬਾਪੁਰੇ...... | 28 |
| 10. ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ॥ | 30 |
| 11. ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ॥ | 32 |
| 12. ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥ | 34 |
| 13. ਦੂਧ ਤ ਬਛਰੈ ਥਨਹੁ ਬਿਟਾਰਿਓ॥ | 36 |
| 14. ਜਬ ਹਮ ਹੋਤੇ ਤਬ ਤੂ ਨਾਹੀ..... | 38 |
| 15. ਜਉ ਹਮ ਬਾਂਧੇ ਮੋਹ ਫਾਸ..... | 42 |
| 16. ਦੁਲਭ ਜਨਮੁ ਪੁੰਨ ਫਲ ਪਾਇਓ...... | 46 |
| 17. ਸੁਖ ਸਾਗਰੁ ਸੁਰਤਰ ਚਿੰਤਾਮਨਿ...... | 50 |
| 18. ਜਉ ਤੁਮ ਗਿਰਿਵਰ ਤਉ ਹਮ ਮੋਰਾ॥ | 54 |
| 19. ਜਲ ਕੀ ਭੀਤਿ ਪਵਨ ਕਾ ਥੰਭਾ..... | 56 |
| 20. ਚਮਰਟਾ ਗਾਂਠਿ ਨ ਜਨਈ॥ | 60 |
| 21. ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ.... | 62 |


( )

# INDEX


| S. No. Shabad | Page |
|---|---|
| 1. Tohee mohee mohee tohee antar(u) kaisa | |
| 2. 2. Meri sangat poch soch din(u) raati | 4 |
| 3. Begumpura sahar ko nao(u) | 6 |
| 4. Ghat awghat doogar ghanna | 10 |
| 5. Koop(u) bhario jaise daadiraa | 14 |
| 6. Satjug sat tetaa jgee | 16 |
| 7. Mrig meen bhring patang kunchar | 22 |
| 8. Sant tujhi tan(u) sangt(i) praan | 26 |
| 9. Tum chandan hum erind baapure | 28 |
| 10. Kaha bhieo jou tan bhieo chhin(u) chhin(u) | 30 |
| 11.Har(i) har(i) har(i) har(i) har(i) har(i) hare | 32 |
| 12. Matee ko putra kaise nachat hai | 34 |
| 13. Doodh ta bachhrai thanh(u) bitario | 36 |
| 14. Jab hum hote tab too naahi | 38 |
| 15. Jau hum bandhe moh phaas | 42 |
| 16. Dulabh janam(u) punn phul paaio | 46 |
| 17. Sukh sagar(u) surtar chintamn(i) | 50 |
| 18. Jauo tum girivar tao hum moraa | 54 |
| 19. Jal kee bheet(i) pawan kaa thamba | 56 |
| 20. Chamrata ganth(i) na jainee | 60 |
| 21. Hum sar(i) deen(u) diaal na tum sr(i) | 62 |


( )


| ਲੜੀ ਨੰ. ਸ਼ਬਦ | ਪੰਨਾ |
|---|---|
| 22. ਚਿਤ ਸਿਮਰਨੁ ਕਰਉ ਨੈਨ ਅਵਿਲੋਕਨੋ.... | 64 |
| 23. ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥ | 66 |
| 24. ਨਾਥ ਕਛੂਅ ਨ ਜਾਨਉ॥ | 70 |
| 25. ਸਹ ਕੀ ਸਾਰ ਸੁਹਾਗਨਿ ਜਾਨੈ॥ | 74 |
| 26. ਜੋ ਦਿਨ ਆਵਹਿ ਸੋ ਦਿਨ ਜਾਹੀ॥ | 76 |
| 27. ਊਚੇ ਮੰਦਰ ਸਾਲ ਰਸੋਈ॥ | 80 |
| 28. ਦਾਰਿਦੁ ਦੇਖ ਸਭ ਕੋ ਹਸੈ....... | 82 |
| 29. ਜਿਹ ਕੁਲ ਸਾਧੁ ਬੈਸਨੌ ਹੋਇ॥ | 84 |
| 30. ਮੁਕੰਦ ਮੁਕੰਦ ਜਪਹੁ ਸੰਸਾਰ॥ | 88 |
| 31. ਜੇ ਓਹ ਅਠਿਸਠਿ ਤੀਰਥ ਨ੍ਹਾਵੈ॥ | 92 |
| 32. ਪੜੀਐ ਗੁਨੀਐ ਨਾਮੁ ਸਭੁ ਸੁਨੀਐ.... | 96 |
| 33. ਐਸੀ ਲਾਲ ਤੁਝ ਬਿਨੁ ਕਉਨੁ ਕਰੈ॥ | 100 |
| 34. ਸੁਖ ਸਾਗਰ ਸੁਰਿਤਰੁ ਚਿੰਤਾਮਨਿ..... | 102 |
| 35. ਖਟੁ ਕਰਮ ਕੁਲ ਸੰਜੁਗਤੁ ਹੈ..... | 104 |
| 36. ਬਿਨੁ ਦੇਖੇ ਉਪਜੈ ਨਹੀ ਆਸਾ॥ | 108 |
| 37. ਤੁਝਹਿ ਸੁਝੰਤਾ ਕਛੂ ਨਾਹਿ॥ | 112 |
| 38. ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ॥ | 116 |
| 39. ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ.... | 120 |
| 40. ਮਿਲਤ ਪਿਆਰੋ ਪ੍ਰਾਨ ਨਾਥੁ ਕਵਨਿ ਭਗਤਿ ਤੇ॥ | 124 |
| 41 ਸਲੋਕ ਹਰਿ ਸੋ ਹੀਰਾ ਛਾਡਿ ਕੈ...... | 126 |


( )


| S. No. Shabad | Page |
|---|---|
| 22. Chit simran(u) kar(u) nain avilokano | 64 |
| 23. Naam(u) tero aarti majan(u) muraare | 66 |
| 24. Naath khachhoo na jaano(u) | 70 |
| 25. Seh kee saar suhaagn(i) jaanai | 74 |
| 26. Jo din aaveh(i) so din jaahee | 76 |
| 27. Uooche mander saal rasoi | 80 |
| 28. Darad(u) dekh(i) sab ko hasai | 82 |
| 29. Jhi kul sadh(u) baisnao hoie | 84 |
| 30. Mukand mukand japh(u) sansaar | 88 |
| 31. Je uh(u) aithsth(i) teerath naavai | 92 |
| 32. Pareeaai guneeai naam(u) sab(u) suneeai | 96 |
| 33. Aaisee lal tujh bin(u) kaun(u) kara(i) | 100 |
| 34. Sukh saagar surtar chintaman(i) | 102 |
| 35. Khut karam kul sanjugat(u) hai | 104 |
| 36. Bin(u) dekhe upjai nahi aasaa | 108 |
| 37. Tujhh(i) sujhantaa kachoo naah(i) | 112 |
| 38. Naagar janan meri jaat(i) bikhiaat chamaarnn | 116 |
| 39. Har(i) japat teuoo janan padam kavlaas pat(i) | 120 |
| 40 Milat piaaro pran naath(u) kawan bhagt(i) te | 124 |
| 41 Slok- Har(i) so heera chhadh(i) kai | 126 |

( )

( )

# ਮੁੱਖ ਬੰਦ

ਪ੍ਰਮਾਤਮਾ ਇਕ ਹੈ। ਉਸ ਦਾ ਨਾਮ ਸੱਚਾ ਹੈ। ਉਹ ਸਾਰੇ ਸੰਸਾਰ ਦਾ ਕਰਤਾ ਹੈ। ਉਹ ਨਿਰਵੈਰ, ਡਰ ਰਹਿਤ, ਜਨਮ ਮਰਨ ਤੋਂ ਮੁਕਤ ਅਤੇ ਆਪ ਸ੍ਰਿਸ਼ਟੀ ਦੇ ਕਣ-ਕਣ ਵਿਚ ਪ੍ਰਕਾਸ਼ਮਾਨ ਹੈ। ਗੁਰਾਂ ਦੀ ਕ੍ਰਿਪਾ ਨਾਲ ਉਸ ਕੁਲ ਮਾਲਿਕ ਦੀ ਅਨਭੂਤੀ ਹੁੰਦੀ ਹੈ।

ਉਸ ਮਾਲਿਕ ਦੇ ਹੁਕਮ ਅਨੁਸਾਰ ਚੌਹਾਂ ਖਾਣੀਆਂ ਦੇ ਜੀਵ ਜਨਮ ਲੈਂਦੇ ਹਨ। ਸਭਨਾਂ ਦਾ ਪਾਲਣਹਾਰ ਵੀ ਉਹ ਮਾਲਿਕ ਆਪ ਹੀ ਹੈ। ਸਾਰੇ ਜੀਵ ਉਸ ਦੇ ਹੁਕਮ ਨਾਲ ਵਿਚਰਦੇ ਹਨ ਅਤੇ ਹੁਕਮ ਅਨੁਸਾਰ ਹੀ ਜੀਵਨ ਸੰਪੂਰਣ ਕਰਕੇ ਸੰਸਾਰ ਤੋਂ ਚਲੇ ਜਾਂਦੇ ਹਨ। ਅੱਜ ਤੱਕ ਕਿਤਨੇ ਕੁ ਜੀਵ ਜਨਮ ਲੈ ਕੇ ਜੀਵਨ ਭੋਗ ਚੁੱਕੇ ਹਨ, ਇਸ ਦਾ ਹਿਸਾਬ-ਕਿਤਾਬ ਜਾਨਣ ਵਾਲਾ ਕੋਈ ਨਹੀਂ। ਇਸ ਸੰਸਾਰ ਵਿਚ ਬਹੁਤੇ ਜੀਵ ਆਉਂਦੇ ਹਨ, ਦੁਨੀਆਂ ਵਿਚ ਆ ਕੇ ਦੁਨਿਆਵੀ ਦੁੱਖ ਸੁੱਖ ਭੋਗਦੇ ਹੋਏ ਅਨਮੋਲ ਜੀਵਨ ਗੁਆ ਕੇ ਚਲੇ ਜਾਂਦੇ ਹਨ।

ਕੁਝ ਮਹਾਨ ਪੁਰਸ਼ ਇਸ ਸੰਸਾਰ ਵਿਚ ਜਨਮ ਧਾਰਣ ਕਰਕੇ ਆਏ, ਉਹਨਾਂ ਨੇ ਪਵਿੱਤਰ ਢੰਗ ਨਾਲ ਆਪਣਾ ਜੀਵਨ ਬਤੀਤ ਕੀਤਾ। ਆਪ ਸਿਮਰਨ,

( )

( )

ਸਤਿਸੰਗ ਤੇ ਸੇਵਾ ਕਰਦੇ ਰਹੇ। ਅਨੰਤ ਜੀਵਾਂ ਨੂੰ ਬੰਦਗੀ ਅਤੇ ਨਿਰਮਲ ਕਰਨੀ ਵਿਚ ਜੋੜ ਕੇ ਉਹਨਾਂ ਦੇ ਜੀਵਨ ਨੂੰ ਪਵਿੱਤਰ ਕਰ ਦਿੱਤਾ। ਉਹਨਾਂ ਮਹਾਂਪੁਰਸ਼ਾਂ ਦਾ ਨਾਮ ਇਤਿਹਾਸ ਦੇ ਪੰਨਿਆਂ ਤੇ ਸੁਨਹਿਰੀ ਅੱਖਰਾਂ ਵਿਚ ਚਮਕ ਰਿਹਾ ਹੈ। ਉਹਨਾਂ ਮਹਾਂਪੁਰਸ਼ਾਂ ਨੇ ਜੋ ਮਾਰਗ ਦਿਖਾਇਆ, ਉਸ ਮਾਰਗ 'ਤੇ ਚਲਦੇ ਹੋਏ ਸਦੀਆਂ ਤੋਂ ਬਾਅਦ ਵੀ ਜੀਵ ਸੱਚਾ ਲਾਭ ਪ੍ਰਾਪਤ ਕਰ ਰਹੇ ਹਨ।

ਉਹਨਾਂ ਮਹਾਂਪੁਰਸ਼ਾਂ ਵਿਚੋਂ ਹੀ ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਹੋਏ ਹਨ, ਜਿਹਨਾਂ ਦੇ ਪਾਵਨ ਜੀਵਨ ਤੋਂ ਰੌਸ਼ਨੀ ਪ੍ਰਾਪਤ ਕਰਕੇ ਕਈਆਂ ਸਦੀਆਂ ਤੋਂ ਪ੍ਰੇਮੀ ਜਨ ਆਪਣਾ ਜੀਵਨ ਸਫਲ ਕਰਦੇ ਆ ਰਹੇ ਹਨ।

ਆਪ ਜੀ ਦਾ ਜਨਮ ਭਾਰਤ ਦੇ ਪ੍ਰਸਿੱਧ ਸ਼ਹਿਰ ਬਨਾਰਸ ਵਿਚ ਹੋਇਆ ਜੋ ਕਿ ਪੁਰਾਤਨ ਸਮੇਂ ਤੋਂ ਹੀ ਅਧਿਆਤਮਿਕਤਾ ਦਾ ਕੇਂਦਰ ਰਿਹਾ ਹੈ। ਆਪ ਜੀ ਦੇ ਪਿਤਾ ਜੀ ਦਾ ਨਾਮ ਸ੍ਰੀ ਸੰਤੋਖ ਦਾਸ ਜੀ ਅਤੇ ਮਾਤਾ ਜੀ ਦਾ ਨਾਮ ਮਾਤਾ ਕਲਸੀ ਦੇਵੀ ਜੀ ਸੀ। ਆਪ ਜੀ ਦੇ ਜਨਮ ਸੰਮਤ ਵਾਰੇ ਇਕ ਦੋਹਾ ਪ੍ਰਚਲਿਤ ਹੈ ਜੋ ਨਿਮਨ ਪ੍ਰਕਾਰ ਹੈ—

*ਚੌਦਹ ਸੌ ਤੈਤੀਸ ਕੀ ਮਾਘ ਸੁਦੀ ਪੰਦ੍ਰਾਸ॥*
*ਦੁਖੀਉਂ ਕੇ ਕਲਿਆਨ ਹਿਤ ਪ੍ਰਗਟੇ ਸ੍ਰੀ ਰਵਿਦਾਸ॥*

ਆਪ ਜੀ ਦੇ ਪਾਵਨ ਜੀਵਨ ਬਾਰੇ ਭਗਤ ਨਾਭਾ ਦਾਸ ਜੀ ਲਿਖਦੇ ਹਨ—

*ਵਰਨਾਸ਼੍ਰਮ ਅਭਿਮਾਨ ਤਜ ਪਦ ਰਜ ਬੰਦਹਿ ਜਾਸ ਕੀ।*
*ਸੰਦੇਹ ਗ੍ਰੰਥੀ ਖੰਡਨ ਨਿਪੁੰਨ ਬਾਣੀ ਬਿਮਲ ਰੈਦਾਸ ਕੀ॥*

ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਤੋਂ ਸਾਰੇ ਸੰਸਾਰ ਦੇ ਜੀਵ ਬਹੁਤ ਪ੍ਰਭਾਵਿਤ ਹੋਏ ਅਤੇ ਆਪ ਜੀ ਦੀ ਪ੍ਰੇਮਾ ਭਗਤੀ ਨੂੰ ਦੇਖ ਕੇ ਆਪ ਜੀ ਦੇ ਦਰਸ਼ਨ ਦੀਦਾਰ ਵਾਸਤੇ ਸਾਰੇ ਵਰਨਾਂ ਦੇ ਲੋਕ ਲਲਾਇਤ ਹੋ ਗਏ।

ਆਪ ਜੀ ਦੀ ਪਾਵਨ ਬਾਣੀ ਦਾ ਸਾਰੇ ਵਿਸ਼ਵ ਵਿਚ ਵੱਡਾ ਸਨਮਾਨ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ 40 ਸ਼ਬਦ ਤੇ ਇਕ ਸਲੋਕ ਦਰਜ ਹੈ। ਹੋਰ ਵੀ ਬਹੁਤ ਸਾਰੇ ਧਾਰਮਿਕ ਗ੍ਰੰਥਾਂ ਵਿਚ ਆਪ ਜੀ ਦੀ ਪਾਵਨ ਬਾਣੀ ਪ੍ਰਾਪਤ ਹੈ। ਸੰਸਾਰ ਭਰ ਵਿਚ ਪ੍ਰੇਮੀ ਜਨ ਇਸ ਬਾਣੀ ਤੋਂ ਰੌਸ਼ਨੀ ਪ੍ਰਾਪਤ ਕਰਕੇ ਆਪਣੇ ਜੀਵਨ ਨੂੰ ਪਵਿੱਤਰ ਮਾਰਗ 'ਤੇ ਲਗਾ ਰਹੇ ਹਨ।

ਡੇਰਾ ਸੱਚਖੰਡ ਬੱਲਾਂ ਵਲੋਂ ਸਤਿਗੁਰੂ ਰਵਿਦਾਸ ਜੀ ਦੀ ਬਾਣੀ ਸੰਗਤਾਂ ਤੱਕ ਪਹੁੰਚਾਣ ਵਾਸਤੇ ਵੱਡਾ ਉਪਰਾਲਾ ਕੀਤਾ ਗਿਆ ਹੈ। ਬਾਣੀ ਦੇ ਗੁਟਕੇ, ਬਾਣੀ ਦਾ ਟੀਕਾ, ਹਿੰਦੀ ਅਤੇ ਪੰਜਾਬੀ ਅਨੁਵਾਦ ਅਤੇ ਸਤਿਗੁਰੂ ਰਵਿਦਾਸ ਜੀ ਦੇ ਅਨੋਖੇ ਚਮਤਕਾਰਾਂ ਸੰਬੰਧੀ ਪੁਸਤਕਾਂ ਛਾਪੀਆਂ ਗਈਆਂ ਹਨ ਅਤੇ ਮੁਫਤ ਵੰਡੀਆਂ ਗਈਆਂ ਹਨ। ਇਸ ਵਾਰ ਵੀ ਅੰਮ੍ਰਿਤ ਬਾਣੀ ਦੇ ਗੁਟਕੇ ਤਿਆਰ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਜਿਥੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੇ ਅੰਮ੍ਰਿਤ ਭਰਪੂਰ ਉਪਦੇਸ਼ ਨਾਲ ਜੋੜਨ ਵਾਸਤੇ ਬ੍ਰਹਮਲੀਨ ਸ਼੍ਰੀ 108 ਸੰਤ ਗਰੀਬ ਦਾਸ ਜੀ ਅਤੇ ਸ੍ਰੀ 108 ਸੰਤ ਨਿਰੰਜਨ ਦਾਸ ਜੀ ਵਲੋਂ ਵੱਡੇ ਉਪਰਾਲੇ ਕੀਤੇ ਗਏ ਹਨ, ਉਥੇ ਇਹਨਾਂ ਮਹਾਂਪੁਰਸ਼ਾਂ ਨੇ ਸ੍ਰੀ ਗੁਰੂ ਰਵਿਦਾਸ ਜਨਮ-ਅਸਥਾਨ ਮੰਦਰ ਸੀਰ ਗੋਵਰਧਨਪੁਰ ਵਿਖੇ, ਇਸ ਅਸਥਾਨ ਦੀ ਖੋਜ ਕਰਕੇ, ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਕੇ ਤਿਆਰ ਕੀਤਾ ਹੈ, ਜਿਸ ਤੇ ਕਰੋੜਾਂ ਰੁਪਏ ਇਹਨਾਂ ਸੰਤ ਮਹਾਂਪੁਰਸ਼ਾਂ ਵਲੋਂ ਖਰਚ ਕੀਤੇ ਗਏ ਹਨ। ਬ੍ਰਹਮਲੀਨ ਸ੍ਰੀ 108 ਸੰਤ ਗਰੀਬ ਦਾਸ ਜੀ ਨੇ ਅਪ੍ਰੈਲ 1994 ਨੂੰ ਸਵਰਨ ਕਲਸ਼ ਸਜਾਇਆ ਸੀ ਜਿਸ ਤੋਂ ਪਰਦਾ ਹਟਾਉਣ ਦੀ ਰਸਮ ਬਾਬੂ ਕਾਂਸ਼ੀ ਰਾਮ ਜੀ ਨੇ ਨਿਭਾਈ। ਅੱਜ ਇਸ ਵਿਸ਼ਾਲ ਅਤੇ ਸੁੰਦਰ ਸ੍ਰੀ ਗੁਰੂ ਰਵਿਦਾਸ ਜਨਮ-ਅਸਥਾਨ ਮੰਦਰ ਦੇ ਦਰਸ਼ਨ ਕਰਕੇ ਸੰਗਤਾਂ ਨੂੰ ਬਹੁਤ ਵੱਡੀ ਖੁਸ਼ੀ ਪ੍ਰਾਪਤ ਹੁੰਦੀ ਹੈ।

ਇਸ ਮੰਦਰ ਦੀ ਉਸਾਰੀ ਤੋਂ ਬਾਦ ਅੱਜ ਹੋਰ ਵੀ ਅਸਥਾਨ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਮ ਤੇ ਸਜੇ ਹਨ। ਸ੍ਰੀ ਗੁਰੂ ਰਵਿਦਾਸ ਮੰਦਰ ਰਾਜ ਘਾਟ, ਸ੍ਰੀ ਗੁਰੂ ਰਵਿਦਾਸ ਗੇਟ ਲੰਕਾ ਚੌਰਾਹਾ (ਇਸ ਗੇਟ ਦਾ ਉਦਘਾਟਨ ਭਾਰਤ ਦੇ ਉਸ ਸਮੇਂ ਦੇ ਰਾਸ਼ਟਰਪਤੀ ਸ੍ਰੀ ਕੇ.ਆਰ. ਨਰਾਇਣਨ ਸਾਹਿਬ ਜੀ ਨੇ ਮਿਤੀ 16 ਜੁਲਾਈ 1998 ਨੂੰ ਆਪਣੇ ਕਰ ਕਮਲਾਂ ਨਾਲ ਕੀਤਾ) ਇਹ ਗੇਟ ਸੰਤ ਨਿਰੰਜਨ ਦਾਸ ਜੀ ਦੀ ਸਰਪ੍ਰਸਤੀ ਹੇਠ ਸ੍ਰੀ 108 ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਯੂ.ਕੇ. ਦੇ ਮੈਂਬਰਾਂ ਨੇ ਮਾਇਆ ਖਰਚ ਕਰਕੇ ਤਿਆਰ ਕਰਵਾਇਆ ਸੀ। ਸ੍ਰੀ ਗੁਰੂ ਰਵਿਦਾਸ ਪਾਰਕ, ਸ੍ਰੀ ਗੁਰੂ ਰਵਿਦਾਸ ਸਮਾਰਕ, ਸ੍ਰੀ ਗੁਰੂ ਰਵਿਦਾਸ ਘਾਟ, ਸ੍ਰੀ ਗੁਰੂ ਰਵਿਦਾਸ ਸੇਤੂ, ਸ੍ਰੀ ਗੁਰੂ ਰਵਿਦਾਸ ਆਈ.ਏ.ਐਸ., ਪੀ.ਸੀ.ਐਸ. ਕੋਚਿੰਗ ਸੈਂਟਰ ਆਦਿ ਬਾਰੇ ਬਸਪਾ ਸੁਪਰੀਮੋ ਸ੍ਰੀ ਕਾਂਸ਼ੀ ਰਾਮ ਸਾਹਿਬ ਜੀ ਅਤੇ ਯੂ.ਪੀ. ਦੇ ਮੁੱਖ ਮੰਤਰੀ ਕੁਮਾਰੀ ਮਾਇਆਵਤੀ ਜੀ ਨੇ ਉਪਰਾਲਾ ਕੀਤਾ।

ਡੇਰਾ ਸੱਚਖੰਡ ਬੱਲਾਂ ਵਲੋਂ ਅੱਡਾ ਕਠਾਰ (ਜਲੰਧਰ) ਵਿਖੇ ਤਕਰੀਬਨ 200 ਬਿਸਤਰੇ ਦਾ ਹਸਪਤਾਲ ਅਤੇ ਡੇਰੇ ਵਿਖੇ ਅੱਖਾਂ ਦਾ ਹਸਪਤਾਲ ਚਲਾਏ ਜਾ ਰਹੇ ਹਨ ਜਿਥੇ ਗਰੀਬ ਲੋਕਾਂ ਦਾ ਇਲਾਜ ਬਹੁਤ ਲਗਨ ਨਾਲ ਕੀਤਾ ਜਾਂਦਾ ਹੈ ਅਤੇ ਕਰੀਬ 20 ਲੱਖ ਰੁਪਏ ਪ੍ਰਤੀ ਮਹੀਨਾ ਖਰਚ ਕੀਤੇ ਜਾਂਦੇ ਹਨ। ਗਰੀਬ ਬੱਚਿਆਂ ਨੂੰ ਮਿਆਰੀ ਵਿਦਿਆ ਦੇਣ ਵਾਸਤੇ ਸੰਤ ਸਰਵਣ ਦਾਸ ਮਾਡਲ ਸਕੂਲ ਹਦੀਆਬਾਦ ਫਗਵਾੜਾ ਵਿਖੇ ਚਲਾਇਆ ਜਾ ਰਿਹਾ ਹੈ। ਸੰਗਤਾਂ ਦੀ ਸੁਵਿਧਾ ਲਈ ਡੇਰੇ ਵਿਖੇ ਇਕ ਵਿਸ਼ਾਲ ਦਰਸ਼ਨੀ ਸ਼੍ਰੀ ਗੁਰੂ ਰਵਿਦਾਸ ਸਤਿਸੰਗ ਭਵਨ ਉਸਾਇਆ ਗਿਆ ਹੈ। ਪੂਨਾ (ਮਹਾਂਰਾਸ਼ਟਰ) ਅਤੇ ਸਿਰਸਗੜ੍ਹ (ਹਰਿਆਣਾ) ਅਤੇ ਤਪੋਸਿਆ ਸਥੱਲ ਬਾਬਾ ਪਿੱਪਲ ਦਾਸ ਜੀ ਗਿੱਲ ਪੱਟੀ ਬਠਿੰਡਾ ਵਿਖੇ ਵਿਸ਼ਾਲ ਗੁਰੂ ਘਰ ਉਸਾਰੀ ਅਧੀਨ ਹਨ। ਬੇਗਮਪੁਰਾ ਸ਼ਹਿਰ ਪੱਤ੍ਰਿਕਾ ਰਾਹੀਂ ਅੰਮ੍ਰਿਤ ਬਾਣੀ ਦੇ ਸੰਦੇਸ਼ ਸੰਗਤਾਂ ਤੱਕ ਪਹੁੰਚਾਏ ਜਾਂਦੇ ਹਨ, ਜਿਸ ਦਾ ਖਰਚ ਡੇਰੇ ਵਲੋਂ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਸੇਵਾਵਾਂ ਡੇਰੇ ਵਲੋਂ ਨਿਭਾਈਆਂ ਜਾਂਦੀਆਂ ਹਨ ਜਿਨ੍ਹਾਂ ਦਾ ਵੇਰਵਾ ਦੇਣ ਵਾਸਤੇ ਇਥੇ ਸਥਾਨ ਨਹੀਂ। ਸਾਰੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਸ੍ਰੀ ਗੁਰੂ ਰਵਿਦਾਸ ਜਨਮ-ਅਸਥਾਨ ਮੰਦਰ ਦੇ ਜ਼ਰੂਰ ਹੀ ਦਰਸ਼ਨ ਕਰਨੇ ਚਾਹੀਦੇ ਹਨ। ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਵਾਸਤੇ ਇਹ ਸਰਬ ਸ੍ਰੇਸ਼ਟ ਅਸਥਾਨ ਹੈ। ਇਸ ਦੇ ਨਾਲ ਇਹ ਵੀ ਜ਼ਰੂਰੀ ਹੈ ਕਿ ਸਤਿਗੁਰਾਂ ਦੀ ਪਵਿੱਤਰ ਬਾਣੀ ਪੜ੍ਹੀਏ ਤੇ ਜੋ ਉਪਦੇਸ਼ ਸਤਿਗੁਰਾਂ ਨੇ ਸਤਿਸੰਗ, ਸੇਵਾ, ਸਿਮਰਨ, ਪਰਉਪਕਾਰ, ਵਿਸ਼ੇ ਨਿਸ਼ੇਧ, ਏਕਤਾ, ਸਮਾਨਤਾ ਬਾਰੇ ਦਿੱਤੇ, ਉਹਨਾਂ ਨੂੰ

ਜੀਵਨ ਵਿਚ ਧਾਰਣ ਕਰੀਏ ਤਾਂ ਕਿ ਅਨਮੋਲ ਮਨੁੱਖ ਤਨ ਦਾ ਲਾਹਾ ਲੈ ਸਕੀਏ।

ਡੇਰਾ ਸੱਚਖੰਡ ਬੱਲਾਂ ਦੇ ਮਹਾਂਪੁਰਸ਼ਾਂ ਵਲੋਂ ਕੀਤੇ ਗਏ ਪੁਰਸ਼ਾਰਥ ਸਦਕਾ ਵਿਸ਼ਵ ਭਰ ਵਿਚ ਗੁਰੂ ਰਵਿਦਾਸ ਬਾਣੀ ਦਾ ਪ੍ਰਚਾਰ ਪ੍ਰਸਾਰ ਹੋਇਆ ਹੈ। ਸਿੱਟੇ ਵਜੋਂ ਵਿਦੇਸ਼ਾਂ ਵਿਚ ਨਵੀਂ ਪੀੜ੍ਹੀ ਗੁਰੂ ਜੀ ਦੀ ਬਾਣੀ ਦਾ ਨਿਤ-ਨੇਮ ਕਰਨ ਦੀ ਚਾਹ ਰੱਖਦੀ ਹੈ। ਪਰ ਪੰਜਾਬੀ ਭਾਸ਼ਾ ਦਾ ਗਿਆਨ ਨਾ ਹੋਣ ਕਰਕੇ ਉਹ ਬਾਣੀ ਦਾ ਪਾਠ ਕਰਨ ਤੋਂ ਅਸਮਰਥ ਹਨ। ਉਹਨਾਂ ਦੀ ਮਜਬੂਰੀ ਦਾ ਅਹਿਸਾਸ ਕਰਦੇ ਹੋਏ ਹਥਲੇ ਗੁਟਕੇ ਵਿਚ ਗੁਰਮੁਖੀ ਵਿਚ ਦਰਜ ਬਾਣੀ ਦੇ ਸਾਹਮਣੇ ਰੋਮਨ ਭਾਸ਼ਾ ਵਿਚ ਗੁਰਬਾਣੀ ਲਿਖੀ ਗਈ ਹੈ। ਇਸ ਨਾਲ ਗੁਰੂ ਪ੍ਰੇਮੀਆਂ ਨੂੰ ਅੰਮ੍ਰਿਤ ਬਾਣੀ ਦਾ ਪਾਠ ਕਰਨ ਵਿਚ ਸੁਵਿਧਾ ਹੋਵੇਗੀ। ਆਸ ਹੈ ਕਿ ਪਾਠਕ ਇਸ ਉਪਰਾਲੇ ਤੋਂ ਭਰਪੂਰ ਲਾਭ ਪ੍ਰਾਪਤ ਕਰਨਗੇ।

ਨੋਟ—ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪਰਕਾਸ਼ ਦਿਹਾੜਾ ਹਰ ਸਾਲ ਡੇਰਾ ਸੱਚਖੰਡ ਬੱਲਾਂ ਦੇ ਗੱਦੀਨਸ਼ੀਨ ਤੇ ਸ਼੍ਰੀ ਗੁਰੂ ਰਵਿਦਾਸ ਜਨਮ-ਅਸਥਾਨ ਪਬਲਿਕ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸ੍ਰੀ 108 ਸੰਤ ਨਿਰੰਜਨ ਦਾਸ ਜੀ ਦੀ ਸਰਪ੍ਰਸਤੀ ਹੇਠ ਸ੍ਰੀ ਗੁਰੂ ਰਵਿਦਾਸ ਜਨਮ-ਅਸਥਾਨ ਮੰਦਰ, ਸੀਰ ਗੋਵਰਧਨਪੁਰ,



ਵਾਰਾਣਸੀ (ਯੂ.ਪੀ.) ਵਿਖੇ ਮਨਾਇਆ ਜਾਂਦਾ ਹੈ। ਵਿਸ਼ਵ ਪੱਧਰ ਤੇ ਸੰਗਤਾਂ ਹੁੰਮ-ਹੁੰਮਾ ਕੇ ਦਰਸ਼ਨ ਵਾਸਤੇ ਪੁੱਜਦੀਆਂ ਹਨ। ਹਰ ਸਾਲ ਇਹ ਭਾਗਾਂ ਭਰਿਆ ਦਿਨ ਸੰਗਤਾਂ ਨੂੰ ਖੁਸ਼ੀਆਂ ਤੇ ਖੇੜੇ ਬਖਸ਼ਿਸ਼ ਕਰਦਾ ਹੈ ਜੀ।

ਇਸ ਸਾਲ ਇਹ ਪੁਰਬ 21 ਫਰਵਰੀ 2008 ਮੁਤਾਬਕ ਮਨਾਇਆ ਜਾ ਰਿਹਾ ਹੈ। ਵੱਡੀ ਖੁਸ਼ੀ ਦੀ ਗੱਲ ਹੈ ਕਿ ਯੂਰੋਪ ਨਿਵਾਸੀ ਸੰਗਤਾਂ ਵਲੋਂ ਗੁਰੂ ਜੀ ਦੇ ਪਾਵਨ ਅਸਥਾਨ ਵਿਖੇ ਸਥਾਪਤ ਕਰਨ ਵਾਸਤੇ ਸਵਰਨ ਪਾਲਕੀ ਤਿਆਰ ਕਰਵਾਈ ਗਈ ਹੈ। ਇਹ ਪਾਵਨ ਪਾਲਕੀ ਸ਼ੋਭਾ ਯਾਤਰਾ ਡੇਰਾ ਸੱਚਖੰਡ ਬੱਲਾਂ ਤੋਂ 16 ਫਰਵਰੀ 2008 ਨੂੰ ਰਵਾਨਾ ਹੋਏਗੀ ਅਤੇ 20 ਫਰਵਰੀ 2008 ਨੂੰ ਗੁਰੂ ਦਰਬਾਰ ਵਿਚ ਪਹੁੰਚੇਗੀ। ਇਸ ਸਮਾਗਮ ਵਿਚ ਯੂਰੋਪ ਨਿਵਾਸੀ ਸੰਗਤਾਂ ਵਲੋਂ ਗੁਰੂ ਪ੍ਰੇਮੀਆਂ ਨੂੰ ਗੁਰੂ ਚਰਨਾਂ ਵਿਚ ਜੁੜ ਕੇ ਜੀਵਨ ਵਿਚ ਪ੍ਰੇਮ ਭਾਵਨਾ ਨਾਲ ਵਿਚਰਨ ਦਾ ਸੰਦੇਸ਼ ਦਿੱਤਾ ਗਿਆ ਹੈ। ਸੰਤ ਸਰਵਣ ਦਾਸ ਚੈਰੀਟੇਬਲ ਟਰੱਸਟ ਯੂ.ਕੇ. (ਸੰਗਤ ਵੁਲਵਰਹੈਂਪਟਨ) ਵਲੋਂ ਸੰਤ ਸਰਵਣ ਦਾਸ ਚੈਰੀਟੇਬਲ ਹਸਪਤਾਲ ਅੱਡਾ ਕਠਾਰ ਲਈ ਨਵੀਨ ਤਕਨੀਕੀ ਮਸ਼ੀਨਾਂ ਨਾਲ ਲੈਸ ਐਂਬੂਲੈਂਸ ਗੱਡੀ ਭੇਂਟ ਕੀਤੀ ਜਾ ਰਹੀ ਹੈ। ਇਹਨਾਂ ਸ਼ੁਭ ਸੇਵਾਵਾਂ ਲਈ ਸੰਗਤਾਂ ਧੰਨਵਾਦ ਦੀਆਂ ਪਾਤਰ ਹਨ।



ਸ਼੍ਰੀ ਗੁਰੂ ਰਵਿਦਾਸ ਜਨਮ-ਅਸਥਾਨ ਮੰਦਰ ਬਨਾਰਸ ਦੀ ਸ਼ੁਰੂਆਤ ਤੋਂ ਲੈ ਕੇ ਅੱਜ ਤੱਕ ਜਿਨ੍ਹਾਂ ਗੁਰੂ ਪ੍ਰੇਮੀਆਂ ਨੇ ਜ਼ਮੀਨ ਖਰੀਦਣ, ਮੰਦਰ ਉਸਾਰੀ, ਸੰਤ ਸਰਵਣ ਦਾਸ ਹਸਪਤਾਲ ਅੱਡਾ ਕਠਾਰ, ਸੰਤ ਸਰਵਣ ਦਾਸ ਮਾਡਲ ਸਕੂਲ ਹਦੀਆਬਾਦ ਫਗਵਾੜਾ, ਸੰਤ ਸਰਵਣ ਦਾਸ ਚੈਰੀਟੇਬਲ ਆਈ ਹਸਪਤਾਲ ਡੇਰਾ ਸੱਚਖੰਡ ਬੱਲਾਂ, ਬੇਗਮਪੁਰਾ ਸ਼ਹਿਰ ਪੱਤ੍ਰਿਕਾ ਮੁਹੱਲਾ ਸੁੰਦਰ ਨਗਰ, ਜਲੰਧਰ, ਸ਼੍ਰੀ ਗੁਰੂ ਰਵਿਦਾਸ ਮੰਦਰ ਕਾਤਰਜ ਪੂਨਾ, ਸ੍ਰੀ ਗੁਰੂ ਰਵਿਦਾਸ ਮੰਦਰ ਸਿਰਸੜ੍ਹ, (ਹਰਿਆਣਾ), ਤਪ ਅਸਥਾਨ ਬਾਬਾ ਪਿੱਪਲ ਦਾਸ ਜੀ ਗਿੱਲ ਪੱਟੀ ਬਠਿੰਡਾ ਅਤੇ ਹੋਰ ਬਾਕੀ ਸੇਵਾਵਾਂ ਵਿਚ ਯੋਗਦਾਨ ਪਾਇਆ ਹੈ। ਦਾਸ ਉਹਨਾਂ ਸਭ ਸੰਗਤਾਂ ਦਾ ਧੰਨਵਾਦ ਕਰਦਾ ਹੈ ਅਤੇ ਆਸ ਕਰਦਾ ਹੈ ਕਿ ਸਾਰੀਆਂ ਗੁਰੂ ਪ੍ਰੇਮੀਆਂ ਸੰਗਤਾਂ ਇਸੇ ਤਰ੍ਹਾਂ ਸਤਿਗੁਰੂ ਜੀ ਦੇ ਪਾਵਨ ਚਰਨ ਕਮਲਾਂ ਦੀ ਸੇਵਾ ਵਿਚ ਜੁੜੀਆਂ ਰਹਿਣਗੀਆਂ।

ਸੰਤ ਰਾਮਾ ਨੰਦ

( )

# ਸਮਰਪਣ

ਸ੍ਰੀ ਗੁਰੂ ਰਵਿਦਾਸ ਅੰਮ੍ਰਿਤ ਬਾਣੀ ਦੀਆਂ ਪੁਸਤਕਾਂ, ਬ੍ਰਹਮ ਸਰੂਪ ਮਹਾਂਪੁਰਸ਼ਾਂ ਦੀਆਂ ਤਸਵੀਰਾਂ ਸਹਿਤ, ਪਾਵਨ ਦਰਬਾਰ ਡੇਰਾ ਸੱਚਖੰਡ ਬੱਲਾਂ ਦੇ ਦੀਰਘਦਰਸ਼ੀ, ਤਤਬੇਤਾ, ਪੂਰਨ ਪੁਰਖ, ਬ੍ਰਹਮਗਿਆਨੀ, ਬ੍ਰਹਮਲੀਨ ਸ਼੍ਰੀ 108 ਸਤਿਗੁਰ ਬਾਬਾ ਪਿੱਪਲ ਦਾਸ ਮਹਾਰਾਜ ਜੀ, ਬ੍ਰਹਮਲੀਨ ਸ੍ਰੀ 108 ਸਤਿਗੁਰ ਸਰਵਣ ਦਾਸ ਮਹਾਰਾਜ ਜੀ, ਬ੍ਰਹਮਲੀਨ ਸ੍ਰੀ 108 ਸਤਿਗੁਰ ਹਰੀ ਦਾਸ ਮਹਾਰਾਜ ਜੀ, ਬ੍ਰਹਮਲੀਨ ਸ੍ਰੀ 108 ਸਤਿਗੁਰ ਗਰੀਬ ਦਾਸ ਜੀ ਮਹਾਰਾਜ ਨੂੰ ਸਮਰਪਿਤ ਕਰਕੇ ਬਹੁਤ ਵੱਡੀ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਉਹਨਾਂ ਦੇ ਅਸ਼ੀਰਵਾਦ ਸਦਕਾ ਇਹ ਕੁਝ ਸੇਵਾ ਨਿਭਾਉਣ ਦਾ ਸ਼ੁਭ ਅਵਸਰ ਪ੍ਰਾਪਤ ਹੋਇਆ ਹੈ। ਦਾਸ ਨੂੰ ਪੂਰਨ ਆਸ ਹੈ ਕਿ ਗੁਰੂ ਪ੍ਰੇਮੀ ਸੰਗਤਾਂ ਇਸ ਉਪਦੇਸ਼ ਨੂੰ ਜੀਵਨ ਵਿਚ ਧਾਰਣ ਕਰਕੇ ਆਪਣਾ ਜੀਵਨ ਸਫਲ ਕਰਨਗੀਆਂ।

ਸੰਤ ਨਿਰੰਜਨ ਦਾਸ
(ਗੱਦੀ ਨਸ਼ੀਨ)
ਡੇਰਾ ਸੱਚਖੰਡ ਬੱਲਾਂ (ਜਲੰਧਰ)

( )

ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ
631ਵੇਂ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼


| | |
|---|---|
| ਪਹਿਲੀ ਵਾਰ | : 2000 |
| ਦੂਜੀ ਵਾਰ | : 2000 |
| ਤੀਸਰੀ ਵਾਰ | : 10,000 |
| ਚੌਥੀ ਵਾਰ | : 10,000 |
| ਪੰਜਵੀਂ ਵਾਰ | :10,000 |
| ਛੇਵੀਂ ਵਾਰ | : 2000 |

ਛਾਪਕ-ਰਵਿ ਪ੍ਰਕਾਸ਼ ਪ੍ਰਿੰਟਿੰਗ ਪ੍ਰੈਸ
ਮੁਹੱਲਾ ਸੁੰਦਰ ਨਗਰ, ਜਲੰਧਰ।
ਫੋਨ : 0181-2611697


( )

( )